# ਅਪਰਾਜਿਤ

ਜਾਨ ਸਟੈਨਬੇਕ ਦੇ ਸੰਸਾਰ ਪ੍ਰਸਿੱਧ ਨਾਵਲ THE MOON IS DOWN 'ਤੇ ਅਧਾਰਤ ਇਹ ਨਾਟਕ 'ਅਪਰਾਜਿਤ ਲੋਕ ਹਾਰਦੇ ਨਹੀਂ ਤੁਹਾਡੇ ਸਾਹਮਣੇ ਲੋਕ ਹਾਰਦੇ ਨਹੀਂ' ਤੁਹਾਡੇ ਸਾਹਮਣੇ ਪੇਸ਼ ਕਰ ਰਹੇ ਹਾਂ।

ਸਟੈਨਬੇਕ 27 ਫਰਵਰੀ, 1902 ਨੂੰ ਅਮਰੀਕਾ 'ਚ ਕੈਲੀਫੋਰਨੀਆ ਰਾਜ ਦੇ ਸਲੀਨਾਸ ਨਗਰ 'ਚ ਜਨਮਿਆ। ਉਸਨੇ ਆਪਣੇ ਮੁੱਢਲੇ ਸਾਹਿਤਕ ਜੀਵਨ ਵਿਚ ਸਾਲੀਨਾਸ ਵਾਦੀ ਦੇ ਲੋਕ ਜੀਵਨ ਦੀਆਂ ਟੁੰਬਵੀਆਂ ਕਥਾਵਾਂ ਲਿਖੀਆਂ। ਉਹ ਨਿਆਣੇ-ਨਿਤਾਣੇ ਤੇ ਦਲਿਤ ਲੋਕਾਂ ਦੇ ਟੁੱਟੇ ਸੁਪਨਿਆਂ ਤੇ ਅਣਪੂਰੀਆਂ ਸਧਰਾਂ ਦਾ ਕਹਾਣੀਕਾਰ ਹੈ।

1962 ਵਿਚ ਸਟੈਨਬੇਕ ਨੂੰ ਨੋਬੇਲ ਪੁਰਸਕਾਰ ਪ੍ਰਦਾਨ ਕੀਤਾ ਗਿਆ। 1968 ਵਿਚ ਉਹਦੀ ਮੌਤ ਹੋਈ, ਉਹਦਾ ਨਾਵਲ THE MOON IS DOWN ਉਹਦੇ ਤਿੰਨ ਸਰਵੋਤਮ ਰਚਨਾਵਾਂ ਵਿਚੋਂ ਹੈ।'ਅਪਰਾਜਿਤ' ਉਸ ਨਾਵਲ ਦਾ ਪੰਜਾਬੀ ਅਨੁਵਾਦ ਪ੍ਰੋ: ਪ੍ਰਿਤਪਾਲ ਸਿੰਘ ਨੇ ਮੂਲ ਅੰਗਰੇਜ਼ੀ ਤੋਂ ਕੀਤਾ ਹੈ। ਇਸ ਦਾ ਨਾਟਕੀ ਰੂਪ ਗੁਰਸ਼ਰਨ ਸਿੰਘ ਵੱਲੋਂ ਤਿਆਰ ਕੀਤਾ ਗਿਆ ਹੈ।

ਇਹ ਇਕ ਅਜਿਹੇ ਨਗਰ ਰਾਜ ਦੇ ਸਾਊ ਤੇ ਸ਼ਾਂਤੀ ਪਸੰਦ ਲੋਕਾਂ ਦੀ ਕਹਾਣੀ ਹੈ, ਜਿਨ੍ਹਾਂ ਉਤੇ ਇਕ ਅੰਤਰਰਾਸ਼ਟਰੀ ਜਰਵਾਣੇ ਵੱਲੋਂ ਧਾਵਾ ਬੋਲ ਕੇ ਉਨ੍ਹਾਂ ਨੂੰ ਪ੍ਰਤਿਰੋਧ ਦੀ ਦਾਸਤਾਨ ਹੈ।ਇਹ ਉਨ੍ਹਾਂ ਲੋਕਾਂ ਦੀ ਵੀਰ ਗਾਥਾ ਹੈ ਜੋ ਭਾਵੇਂ ਨਿਰਬੱਲ ਹਨ, ਪਰ ਦ੍ਰਿੜ ਵਿਸ਼ਵਾਸ਼ੀ ਹਨ। ਉਹ ਹਾਰ ਕੇ ਵੀ ਨਹੀਂ ਹਾਰਦੇ, ਪਰਾਜਿਤ ਹੋ ਕੇ ਵੀ ਅਪਰਾਜਿਤ ਰਹਿੰਦੇ ਹਨ।

ਨਾਟਕ ਦਾ ਘਟਨਾ ਅਸਥਾਨ ਮੇਅਰ ਦੇ ਘਰ ਦਾ ਡਰਾਇੰਗ ਰੂਮ ਅਤੇ ਨਾਲ ਹੀ ਗੈਸਟ ਹਾਊਸ ਹੈ।ਨਾਟਕ ਸ਼ੁਰੂ ਹੋਣ 'ਤੇ ਮੇਅਰ ਦੇ ਡਰਾਇੰਗ ਰੂਮ ਵਿਚ ਮੇਅਰ ਦੇ ਘਰ 'ਚ ਕੰਮ ਕਰਨ ਵਾਲਾ ਕਰਮਚਾਰੀ ਜਾਜ਼ਿਫ ਕੁਰਸੀਆਂ ਨੂੰ ਤਰਤੀਬ ਨਾਲ

ਜੋੜ ਰਿਹਾ ਹੈ, ਜਦੋਂ ਐਨੀ, ਜੋ ਮੇਅਰ ਦੇ ਘਰ ਦੇ ਕਿਚਨ ਦੀ ਜ਼ੁੰਮੇਵਾਰ ਹੈ, ਕਿਚਨ ਵਾਲੇ ਦਰਵਾਜ਼ੇ ਦੇ ਰਾਹੀਂ ਅੰਦਰ ਆਉਂਦੀ ਹੈ। ਉਹਨੇ ਐਪਰਨ ਪਾਇਆ ਹੋਇਆ ਹੈ।

ਐਨੀ : ਕਿਉਂ ਜਾਜ਼ਿਫ, ਇਨ੍ਹਾਂ ਕੁਰਸੀਆਂ ਨੂੰ ਮੁੜ ਕੇ ਤਰਤੀਬ ਦੇ ਰਿਹਾ ਹੈ, ਕਿਸੇ ਖਾਸ ਮਹਿਮਾਨ ਨੇ ਆਉਣਾ ਹੈ ?

ਜਾਜ਼ਿਫ : ਹਾਂ ਖਾਸ ਮਹਿਮਾਨ ਨੇ ਆਉਣਾ ਹੈ, ਠੀਕ 11.30 ਵਜੇ... ਤੈਨੂੰ ਪਤਾ ਹੈ, ਨਗਰ ਦਾ ਸਾਰਾ ਪ੍ਰਬੰਧ ਬਦਲ ਗਿਆ ਹੈ, ਬਾਹਰ ਦੇ ਕੁਝ ਲੋਕਾਂ ਨੇ ਜਾਂ ਕਹਿ ਲਵੋ ਉਨ੍ਹਾਂ ਦੀ ਫ਼ੌਜ ਨੇ ਪ੍ਰਬੰਧ ਸੰਭਾਲ ਲਿਆ ਹੈ... ਇਹ ਫ਼ੌਜੀ ਬੈਂਡ ਦੀ ਅਵਾਜ਼ ਸੁਣ ਰਹੀ ਏਂ ?... ਇਹ ਉਨ੍ਹਾਂ ਦਾ ਬੈਂਡ ਹੈ। (ਬੈਂਡ ਦੀ ਅਵਾਜ਼)

ਐਨੀ : ਪਰ ਇਹ ਫ਼ੌਜ ਵਾਲੇ ਹਨ ਕੌਣ ? ਇਥੇ ਕਿਸ ਤਰ੍ਹਾਂ ਆਏ ? ਇਥੇ ਨਾ ਕੋਈ ਲੜਾਈ ਹੋਈ ਹੈ ਤੇ ਨਾ ਹੀ ਕਿਸੇ ਕਿਸਮ ਦੀ ਫ਼ੌਜੀ ਕਾਰਵਾਈ।

ਜਾਜ਼ਿਫ : ਇਹ ਹਵਾਈ ਛੱਤਰੀਆਂ ਰਾਹੀਂ ਉਤਰੇ ਹਨ, ਕੁਝ ਸਮੁੰਦਰੀ ਜਹਾਜ਼ ਰਾਹੀਂ ਵੀ ਆਏ ਹਨ, ਉਨ੍ਹਾਂ ਹਰ ਇਕ ਕੋਲ ਇਕ ਮਸ਼ੀਨਗਨ ਹੈ।

ਐਨੀ : ਮਸ਼ੀਨਗਨ ?

ਜਾਜ਼ਿਫ : ਹਾਂ ਮਸ਼ੀਨਗਨ, ਜਿਹੜਾ ਘੋੜਾ ਦਬਾਉਂਦੇ ਹੀ ਗੋਲੀਆਂ ਦੀ ਵਾਛੜ ਕਰਦੀ ਹੈ।

ਐਨੀ : ਕਿਸੇ ਨੇ ਉਨ੍ਹਾਂ ਨੂੰ ਰੋਕਿਆ ਨਹੀਂ ? ਉਨ੍ਹਾਂ ਕੋਲ ਮਸ਼ੀਨ ਗੰਨਾਂ ਕਿਉਂ ਨੇ, ਅਸੀਂ ਤਾਂ ਕਿਸੇ ਦਾ ਕੁਝ ਨਹੀਂ ਵਿਗਾੜਿਆ, ਸਾਡੀ ਤਾਂ ਕਿਸੇ ਨਾਲ ਲੜਾਈ ਨਹੀਂ ?

ਜਾਜ਼ਿਫ : ਸਾਡੇ ਰੱਖਿਆ ਸਿਪਾਹੀਆਂ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ।

ਐਨੀ : ਰੱਖਿਆ ਸਿਪਾਹੀ ਕੌਣ ? ਉਹ ਕੈਫ ਹੋਰੀਂ, ਜੋ ਕਿਚਨ ਦੇ ਪਿਛੇ ਵਾਲੇ ਵਿਹੜੇ 'ਚ ਅਕਸਰ ਮੇਰੇ ਕੋਲ ਚਾਹ ਪੀਣ ਆਉਂਦੇ ਨੇ।

ਜਾਜ਼ਿਫ : ਹਾਂ ਉਹ 6 ਹੀ ਗਿਣਤੀ ਵਿਚ ਸਨ, ਉਹ ਮਾਰੇ ਗਏ ਹਨ, ਹੁਣ ਉਹ ਤੇਰੇ ਕੋਲ ਚਾਹ ਪੀਣ ਨਹੀਂ ਆਉਣਗੇ।

ਐਨੀ : ਹਾਇ ਤੁਹਾਡੀ ਬੇੜੀ ਬਹਿ ਜਾਏ, ਜ਼ਾਲਮੋਂ ਇਹ ਤੁਸੀਂ ਕੀ ਕੀਤਾ... ਕੈਫ ਹੋਰੀ ਤਾਂ ਨਗਰ ਦੀ ਅੱਖ ਦੇ ਤਾਰੇ ਸਨ। ਨਗਰ 'ਚ ਕੋਈ ਝਗੜਾ ਹੋ ਜਾਏ, ਉਹੀ ਵਿਚ ਪੈ ਕੇ, ਦੋਵਾਂ ਧਿਰਾਂ ਨੂੰ ਸਮਝਾ ਕੇ ਫ਼ੈਸਲਾ ਕਰਵਾਉਂਦੇ ਸਨ। ਨਗਰ ਵਿਚ ਉਨ੍ਹਾਂ ਕੋਲ ਹੀ ਬੰਦੂਕਾਂ ਸਨ, ਉਹੀ ਨਗਰ ਦੀ ਪੁਲਿਸ, ਉਹੀ ਨਗਰ ਦੀ ਫ਼ੌਜ.... ਸਿਰਫ਼ ਗਿਣਤੀ ਵਿਚ

6 ਹੁਣ ਉਹ ਮਾਰੇ ਗਏ.... ਇਹ ਬੈਂਡ ਖੁਸ਼ੀ ਦੀ ਧੁੰਨ ਕਿਉਂ ਵਜ੍ਹਾ ਰਿਹਾ ਏ, ਇਨ੍ਹਾਂ ਨੂੰ ਤਾਂ ਮਾਤਮੀ ਧੁੰਨ ਵਜਾਉਣੀ ਚਾਹੀਦੀ ਏ।

ਜਾਜ਼ਿਫ : ਹਾਂ ਮਾਤਮੀ ਧੁੰਨ ਹੀ ਵਜਾਉਣੀ ਚਾਹੀਦੀ ਏ...ਪਰ ਅਸੀਂ ਤਾਂ ਆਪਣਾ-ਆਪਣਾ ਫਰਜ਼ ਨਿਭਾਉਣਾ ਹੈ... ਮੈਂ ਆਉਣ ਵਾਲੇ ਮਹਿਮਾਨਾਂ ਦੇ ਸੁਆਗਤ ਲਈ ਕੁਰਸੀਆਂ ਜੋੜਣੀਆਂ ਹਨ ਤੇ ਤੂੰ ਉਨ੍ਹਾਂ ਦੇ ਚਾਹ ਪਾਣੀ ਦਾ ਬੰਦੋਬਸਤ ਕਰਨਾ ਏ...

ਐਨੀ : (ਬੁੜਬੁੜ ਕਰਦੀ ਜਾਂਦੀ ਹੋਈ ਮੁੜਕੇ ਕਹਿੰਦੀ ਹੈ) ਹੂੰ ਚਾਹ ਪਾਣੀ, ਉਨ੍ਹਾਂ ਦੇ ਸਿਰ ਬਲਦੀ ਹੋਈ ਭੁੱਬਲ ਨਾ ਪਾਵਾਂ ?

*(ਜਾਜ਼ਿਫ ਕੁਰਸੀ ਮੇਜ਼ ਜੋੜਨ ਵਿਚ ਰੁਝ ਜਾਂਦਾ ਹੈ, ਜਦੋਂ ਡਾਕਟਰ ਵਿੰਟਰ ਦਾਖ਼ਲ ਹੁੰਦਾ ਹੈ।)*

ਜਾਜ਼ਿਫ : (ਕੰਮ ਵਿਚ ਰੁੱਝੇ ਹੋਏ ਹੀ) ਗੁੱਡ ਮਾਰਨਿੰਗ ਡਾਕਟਰ ਵਿੰਟਰ...

ਵਿੰਟਰ : (ਨਿਮੋਝੂਣੇ ਮੂਡ ਵਿਚ ਹੀ) ਗੁੱਡ ਮਾਰਨਿੰਗ, ਹਾਂ ਮੇਰੇ ਵਾਲੀ ਕੁਰਸੀ ਉਥੇ ਹੀ ਰਹਿਣ ਦੇ... ਮੈਂ ਆਉਣ ਵਾਲੇ ਲੋਕਾਂ ਦੇ ਸਵਾਗਤ 'ਚ ਕੋਈ ਦਿਲਚਸਪੀ ਨਹੀਂ ਰੱਖਦਾ... ਕੀ ਉਹ ਗਿਆਰਾਂ ਵਜੇ ਆਉਣਗੇ ?

ਜਾਜ਼ਿਫ : ਜੀ ਹਾਂ ਜਨਾਬ, ਚਿੱਠੀ ਵਿਚ ਗਿਆਰਾਂ ਵਜੇ ਹੀ ਲਿਖਿਆ ਸੀ ?

ਵਿੰਟਰ : ਤੂੰ ਚਿੱਠੀ ਪੜ੍ਹੀ ਸੀ ?

ਜਾਜ਼ਿਫ : ਜੀ ਨਹੀਂ, ਹਿਜ਼ ਐਕਸੀਲੈਸੀ ਨੇ ਮੈਨੂੰ ਪੜ੍ਹ ਕੇ ਸੁਣਾਈ ਸੀ।

ਵਿੰਟਰ : ਠੀਕ ਗਿਆਰਾਂ ਵਜੇ ਉਹ ਲੋਕ ਇਥੇ ਆ ਪਹੁੰਚਣਗੇ। ਉਹ ਲੋਕ ਵਕਤ ਦਾ ਤੇ ਮਸ਼ੀਨਾਂ ਦਾ ਬੜਾ ਧਿਆਨ ਰਖਦੇ ਨੇ, ਪੌਣੇ ਗਿਆਰਾਂ ਵਜੇ ਤੱਕ ਸਾਰੀ ਕਾਰਵਾਈ ਪੂਰੀ ਹੋ ਗਈ, ਸੁਰੱਖਿਆ ਸੈਨਾ ਹਾਰ ਗਈ, ਨਗਰ ਉਤੇ ਕਬਜ਼ਾ ਹੋ ਗਿਆ, ਲੜਾਈ ਮੁੱਕ ਗਈ, ਬੈਂਡ ਤੇ ਜਿੱਤ ਦੀ ਧੁੰਨ ਵੱਜ ਰਹੀ ਹੈ... (ਰੁੱਕ ਕੇ) ਜਾਜ਼ਿਫ, ਮੇਅਰ ਕੀ ਕਰ ਰਹੇ ਨੇ ?

ਜਾਜ਼ਿਫ : ਕਰਨਲ ਦੇ ਸੁਆਗਤ ਲਈ ਤਿਆਰ ਹੋ ਰਹੇ ਹਨ।

ਵਿੰਟਰ : ਤੇ ਤੂੰ ਉਨ੍ਹਾਂ ਦੀ ਮਦਦ ਨਹੀਂ ਕਰ ਰਿਹਾ ? ਆਪਣੇ ਆਪ ਤਾਂ ਉਹ ਚੱਜ ਨਾਲ ਕੱਪੜੇ ਵੀ ਨਹੀਂ ਪਾ ਸਕਦੇ।

ਜਾਜ਼ਿਫ : ਉਨ੍ਹਾਂ ਦੀ ਮਦਦ ਮਾਦਾਮ ਕਰ ਰਹੇ ਹਨ। ਮਾਦਾਮ ਦੀ ਇੱਛਾ ਹੈ ਕਿ ਉਹ ਇਸ ਮੁਲਾਕਾਤ ਲਈ ਪੂਰੀ ਚੜ੍ਹਤ ਨਾਲ ਤਿਆਰ ਹੋਣ।

ਵਿੰਟਰ : ਅਸੀਂ ਵੀ ਕਿਤਨੇ ਅਜੀਬ ਲੋਕ ਹਾਂ... ਸਾਡੇ ਪੂਰੇ ਦੇਸ਼ ਉਤੇ ਕਬਜ਼ਾ ਹੋਣ ਵਾਲਾ ਹੈ, ਸਾਡਾ ਇਹ ਪੁਰਅਮਨ ਛੋਟਾ ਜਿਹਾ ਨਗਰਾ ਪਰਾਜੈ ਹੋ ਚੁੱਕਾ ਹੈ। ਮੇਅਰ ਵਿਜੈਈ ਕਰਨਲ ਦਾ ਸੁਆਗਤ ਕਰਨ ਵਾਲੇ

ਹਨ। ਮਾਦਾਮ ਉਨ੍ਹਾਂ ਨੂੰ ਤਿਆਰ ਕਰ ਰਹੀ ਹੈ ਤਾਂ ਜੋ ਹਿਜ਼ ਐਕਸੀਲੈਂਸੀ ਪੂਰੀ ਸ਼ਾਨ ਵਿਚ ਨਜ਼ਰ ਆਉਣ।

ਜਾਜ਼ਿਫ : ਹਾਂ ਜਨਾਬ, ਉਨ੍ਹਾਂ ਦੀ ਇੱਛਾ ਹੈ ਕਿ ਹਿਜ਼ ਐਕਸੀਲੈਂਸੀ ਅੱਜ ਹਰ ਤਰ੍ਹਾਂ ਬਣਦੇ ਫਬਦੇ ਜਾਪਣ, ਪੂਰੀ ਆਨ-ਸ਼ਾਨ ਵਿਚ ਤੇ ਆਪਣੀ ਪਦਵੀ ਵੀ ਪੂਰੀ ਸ਼ੋਭਾ ਨਾਲ... (ਦਰਵਾਜ਼ੇ 'ਤੇ ਦਸਤਕ ਹੁੰਦੀ ਹੈ।)

ਵਿੰਟਰ : (ਘੜੀ 'ਚ ਦੇਖਦਾ ਹੈ) ਇਹ ਲੋਕ ਵਕਤ ਨਾਲੋਂ ਪਹਿਲਾਂ ਆ ਗਏ ਨੇ... ਜਾਜ਼ਿਫ ਇਨ੍ਹਾਂ ਨੂੰ ਕਹੋ, ਲੰਘ ਆਉਣ...

*(ਜਾਜ਼ਿਫ ਦਰਵਾਜ਼ਾ ਖੋਲਦਾ ਹੈ, ਸਟੈਲਗਰ ਵਾਲਾ ਸਿਪਾਹੀ ਪਹਿਲਾਂ ਆਉਂਦਾ ਹੈ, ਸਾਰੇ ਪਾਸੇ ਸਟੈਨਗਨ ਘੁੰਮਾਉਂਦਾ ਹੈ, ਬਾਅਦ ਵਿਚ ਪਿਛੇ ਪਿਛੇ ਬੈਟਿੰਗ ਦਾਖ਼ਲ ਹੁੰਦਾ ਹੈ, ਆਸੇ-ਪਾਸੇ ਦੇਖਦਾ ਹੈ ਤੇ ਫੇਰ ਡਾਕਟਰ ਵਿੰਟਰ ਵੱਲ ਵੇਖਦਾ ਹੈ।)*

ਬੈਟਿੰਗ : ਕਿਉਂ ਜਨਾਬ, ਕੀ ਤੁਸੀਂ ਮੇਅਰ ਆਰਡਨ ਹੋ ?

ਵਿੰਟਰ : ਜੀ ਨਹੀਂ, ਮੈਂ ਮੇਅਰ ਨਹੀਂ ਹਾਂ।

ਬੈਟਿੰਗ : ਤਾਂ ਫੇਰ ਤੁਸੀਂ ਕੋਈ ਉੱਚ-ਅਧਿਕਾਰੀ ਹੋ ?

ਵਿੰਟਰ : ਜੀ ਨਹੀਂ, ਮੈਂ ਤਾਂ ਇਸ ਨਗਰ ਦਾ ਡਾਕਟਰ ਹਾਂ, ਨਾਲੇ ਮੇਅਰ ਦਾ ਮਿੱਤਰ ਹਾਂ।

ਬੈਟਿੰਗ : ਮੇਅਰ ਆਰਡਨ ਕਿਥੇ ਹਨ ?

ਵਿੰਟਰ : ਤੁਹਾਡੇ ਸੁਆਗਤ ਲਈ ਤਿਆਰ ਹੋ ਰਹੇ ਹਨ... ਕੀ ਤੁਸੀਂ ਕਰਨਲ ਲਾਂਸਰ ਹੋ ?

ਬੈਟਿੰਗ : ਨਹੀਂ, ਮੈਂ ਕੈਪਟਨ ਬੈਟਿੰਗ ਹਾਂ... ਗੁੱਸਾ ਨਾ ਕਰਨਾ, ਇਹ ਸਾਡਾ ਫ਼ੌਜੀ ਕਾਇਦਾ ਹੈ ਕਿ ਕਮਾਨ ਅਫ਼ਸਰ ਦੇ ਕਮਰੇ ਵਿਚ ਪ੍ਰਵੇਸ਼ ਤੋਂ ਪਹਿਲਾਂ ਸਾਨੂੰ ਹਥਿਆਰਾਂ ਦੀ ਤਲਾਸ਼ੀ ਲੈਣੀ ਪੈਂਦੀ ਹੈ। ਇਸ ਤੋਂ ਸਾਡਾ ਮੰਤਵ ਆਪਣੇ ਅਫ਼ਸਰ ਦੀ ਹਿਫਾਜ਼ਤ ਹੈ। ਤੁਹਾਡਾ ਨਿਰਾਦਰ ਕਰਨਾ ਨਹੀਂ...

ਵਿੰਟਰ : ਗੁੱਸਾ ਕਿਉਂ ਕਰਨਾ ਹੈ, ਤੁਸੀਂ ਆਪਣੀ ਕਾਰਵਾਈ ਕਰੋ... ਨਾਲੇ ਅਸੀਂ ਗੁੱਸਾ ਕਰਨ ਵਾਲੇ ਕੌਣ ਹਾਂ... ਅਸੀਂ ਪਰਾਜਿਤ ਹੋਏ ਲੋਕ ਹਾਂ, ਤੇ ਤੁਸੀਂ ਵਿਜੈਈ...

*(ਸਾਰਜੰਟ ਪਹਿਲੇ ਜਾਜ਼ਿਫ ਦੀਆਂ ਬਾਹਵਾਂ ਉੱਚੀਆਂ ਕਰਵਾ ਕੇ ਤਲਾਸ਼ੀ ਲੈਂਦਾ ਹੈ ਤੇ ਫੇਰ ਡਾਕਟਰ ਵਿੰਟਰ ਦੀ... ਦੋਨਾਂ ਦੇ ਚਿਹਰਿਆਂ ਦੇ ਪ੍ਰਭਾਵ ਵੱਖ-ਵੱਖ ਹਨ... ਜਾਜ਼ਿਫ ਦੇ ਰੋਸ ਵਾਲੇ ਅਤੇ ਡਾਕਟਰ ਵਿੰਟਰ ਦੇ ਵਿਅੰਗ ਵਾਲੇ... ਡਾਕਟਰ ਦੀ ਜੇਬ ਵਿਚੋਂ ਇਕ ਡੱਬੀ ਨਿਕਲਦੀ ਹੈ... ਵਿਚ ਟੀਕੇ ਲਗਾਉਣ*

*ਵਾਲੀ ਸੂਈ... ਇਕ ਕੈਂਚੀ ਤੇ ਇਕ ਚਾਕੂ)।*

ਵਿੰਟਰ : ਦੇਖੋ ਅਫ਼ਸਰ, ਮੈਂ ਇਕ ਪੇਂਡੂ ਜਿਹਾ ਡਾਕਟਰ ਹਾਂ...ਬਸ ਕਿਸੇ ਨਾ ਕਿਸੇ ਤਰ੍ਹਾਂ ਕੰਮ ਚਲਾਉਣ ਵਾਲਾ ਡਾਕਟਰ। ਇਕ ਵਾਰ ਮੈਨੂੰ ਇਕ ਮਰੀਜ਼ ਦਾ ਪੇਟ ਚੀਰਨ ਲਈ ਸ਼ਬਜੀ ਕੱਟਣ ਵਾਲੀ ਛੁਰੀ ਵਰਤਨੀ ਪਈ ਸੀ... ਉਦੋਂ ਤੋਂ ਮੈਂ ਇਨ੍ਹਾਂ ਔਜ਼ਾਰਾਂ ਨੂੰ ਸਦਾ ਲਈ ਆਪਣੇ ਨਾਲ ਰੱਖਦਾ ਹਾਂ... ਕੀ ਪਤਾ ਕਦੋਂ ਲੋੜ ਪੈ ਜਾਵੇ।

ਬੈਟਿੰਗ : ਹਾਂ ਆਪਣੇ ਕੰਮ ਦੇ ਹਥਿਆਰ ਹਮੇਸ਼ਾਂ ਆਪਣੇ ਕੋਲ ਰੱਖਣੇ ਚਾਹੀਦੇ ਨੇ... ਜਿਸ ਤਰ੍ਹਾਂ ਅਸੀਂ ਫ਼ੌਜੀ ਆਪਣੇ ਹਥਿਆਰਾਂ ਨੂੰ ਪਾਸੇ ਨਹੀਂ ਰੱਖ ਸਕਦੇ... (ਫੇਰ ਡਾਇਰੀ ਕੱਢਦਾ ਹੈ, ਇਕ ਵਰਕਾ ਫਰੋਲਦਾ ਹੈ) ਮੇਰਾ ਖਿਆਲ ਹੈ ਇਥੇ ਕੁਝ ਬੰਦੂਕਾਂ ਵੀ ਹਨ।

ਵਿੰਟਰ : ਖ਼ੂਬ, ਤੁਹਾਡੇ ਕੋਲ ਤਾਂ ਪੂਰੀ ਜਾਣਕਾਰੀ ਹੈ।

ਬੈਟਿੰਗ : ਹਾਂ, ਸਾਡਾ ਆਦਮੀ ਕਾਫੀ ਚਿਰ ਤੋਂ ਇਥੇ ਕੰਮ ਕਰਦਾ ਰਿਹਾ ਹੈ।

ਵਿੰਟਰ : ਤੁਹਾਡਾ ਆਦਮੀ ?... ਸ਼ਾਇਦ ਤੁਸੀਂ ਇਹ ਨਹੀਂ ਦੱਸੋਗੇ ਕਿ ਉਹ ਕੌਣ ਹੈ ?

ਬੈਟਿੰਗ : ਉਸਦਾ ਕੰਮ ਹੁਣ ਖਤਮ ਹੋ ਚੁੱਕਾ ਹੈ ਤੇ ਮੇਰਾ ਖਿਆਲ ਹੈ ਕਿ ਹੁਣ ਨਾਂ ਦੱਸਣ ਵਿਚ ਹਰਜ਼ ਵੀ ਕੋਈ ਨਹੀਂ... ਉਸਦਾ ਨਾਂ ਕੈਰਿਲ ਹੈ।

ਵਿੰਟਰ : (ਜਿਸ ਤਰ੍ਹਾਂ ਇਹ ਨਾਂ ਸੁਣ ਕੇ ਝਟਕਾ ਲੱਗਿਆ ਹੋਵੇ)...ਜਾਰਜ ਕੈਰਿਲ... ? ਨਹੀਂ, ਨਹੀਂ, ਇਹ ਨਹੀਂ ਹੋ ਸਕਦਾ।...ਉਹ ਤੁਹਾਡਾ ਜਾਸੂਸ ਨਹੀਂ ਹੋ ਸਕਦਾ...ਉਸਨੇ ਤਾਂ ਇਸ ਨਗਰ ਦੇ ਵਿਕਾਸ ਲਈ ਬੜਾ ਕੁਝ ਕੀਤਾ ਏ...ਹਾਲਾਂ ਅੱਜ ਤਾਂ ਉਸਨੇ ਨਿਸ਼ਾਨਾਬਾਜ਼ਾਂ ਦਾ ਮੁਕਾਬਲਾ ਰੱਖਿਆ ਹੋਇਆ ਸੀ। ਵੱਡੇ ਇਨਾਮ ਵੰਡਣੇ ਸਨ। (ਬੈਟਿੰਗ ਮੁਸਕਰਾਉਂਦਾ ਹੈ, ਜਿਸ ਤਰ੍ਹਾਂ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ, ਇਹੀ ਤਾਂ ਉਸਦੀ ਚਾਲ ਸੀ) ਹੂੰ...ਤੁਹਾਡੀ ਇਸ ਵਿਅੰਗ ਵਾਲੀ ਮੁਸਕਰਾਹਟ ਤੋਂ ਮੈਂ ਸਮਝ ਗਿਆ...ਉਸਨੇ ਇਸੇ ਲਈ ਤਾਂ ਮੁਕਾਬਲੇ ਦਾ ਪ੍ਰਬੰਧ ਕੀਤਾ ਸੀ... ਹੂੰ...ਪਰ ਜਾਰਜ਼ ਕੈਰਿਲ ? ਬਿਲਕੁਲ ਅਣਹੋਣੀ ਗੱਲ ਜਾਪਦੀ ਹੈ...ਇਤਨਾ ਵਿਸ਼ਵਾਸ਼ਘਾਤ...(ਏਨੇ ਵਿਚ ਦਰਵਾਜ਼ਾ ਖੁਲਦਾ ਹੈ, ਮੇਅਰ ਆਰਡਨ ਤੇ ਮਾਦਾਮ ਆਰਡਨ ਦਾਖ਼ਲ ਹੁੰਦੇ ਹਨ।)

ਮਾਦਾਮ : ਹੁਣ ਠਹਿਰ ਜਾਓ, ਟਾਈ ਤਾਂ ਠੀਕ ਕਰ ਲੈਣ ਦਿਓ...

ਆਰਡਨ : ਲੈ ਕਰਲੈ, ਜੋ ਕਰਨਾ ਜਲਦੀ ਕਰ ਲੈ, ਇਕ ਘੰਟਾ ਹੋ ਗਿਆ ਹੈ... ਤਿਆਰ ਹੁੰਦਿਆਂ ਕਦੀ ਵਾਲ ਠੀਕ ਨਹੀਂ, ਕਦੀ ਸਕਾਰਫ ਠੀਕ ਨਹੀਂ, ਕਦੀ ਬੂਟ ਠੀਕ ਨਹੀਂ, ਜੁਰਾਬਾਂ ਦਾ ਰੰਗ ਤੇ ਪੈਂਟ ਆਪਸ

ਵਿਚ ਮੈਚ ਨਹੀਂ ਕਰ ਰਹੇ...

ਮਾਦਾਮ : ਮਤ ਭੁਲੋ, ਤੁਸੀਂ ਨਗਰ ਦੇ ਮੇਅਰ ਹੋ...ਆਉਣ ਵਾਲੇ ਮਹਿਮਾਨਾਂ ਅਗੇ ਤੁਸੀਂ ਲਗੋ ਕਿ ਤੁਸੀਂ ਮੇਅਰ ਹੋ...(ਡਾਕਟਰ ਵਿੰਟਰ ਨੂੰ ਦੇਖਦੇ ਹੋਏ) ਡਾਕਟਰ ਵਿੰਟਰ, ਤੁਸੀਂ ਇਥੇ ਹੋ...ਮੈਨੂੰ ਇਸ ਗੱਲ ਦੀ ਤਸੱਲੀ ਹੈ ਕਿ ਤੁਸੀਂ ਇਥੇ ਹੋ, ਤੁਹਾਡਾ ਕੀ ਖਿਆਲ ਹੈ, ਉਹ ਗਿਣਤੀ ਵਿਚ ਕਿਤਨੇ ਹੋਣਗੇ...(ਕੈਪਟਨ ਬੈਟਿੰਗ ਨੂੰ ਵੇਖਕੇ ਤੇ ਥੋੜਾ ਜਿਹਾ ਟੱਪ ਕੇ) ਅੱਛਾ, ਕਰਨਨ ਸਾਹਿਬ ਨੇ!

ਬੈਟਿੰਗ : ਨਹੀਂ ਮਾਦਾਮ, ਮੈਂ ਕਰਨਲ ਨਹੀਂ ਹਾਂ। ਮੈਂ ਤਾਂ ਕਰਨਲ ਦੇ ਆਗਮਨ ਦਾ ਪ੍ਰਬੰਧ ਕਰਨ ਆਇਆ ਹਾਂ।

ਵਿੰਟਰ : ਹਾਂ ਇਨ੍ਹਾਂ ਨੇ ਆਪਣੀ ਤਸੱਲੀ ਕਰਨੀ ਹੈ ਕਿ ਕਰਨਲ ਜਦੋਂ ਆਉਣ ਤਾਂ ਉਨ੍ਹਾਂ ਦੀ ਜ਼ਿੰਦਗੀ ਨੂੰ ਕੋਈ ਖਤਰਾ ਨਹੀਂ...

ਬੈਟਿੰਗ : ਡਾਕਟਰ...(ਅੱਟਕ ਜਾਂਦਾ ਹੈ, ਜਿਸ ਤਰ੍ਹਾਂ ਕੁਝ ਭੁੱਲ ਗਿਆ ਹੋਵੇ)। ਡਾਕਟਰ ਵਿੰਟਰ...

ਬੈਟਿੰਗ : ਹਾਂ, ਡਾਕਟਰ ਵਿੰਟਰ, ਇਹ ਸਾਰਾ ਫ਼ੌਜੀ ਫਰਜ਼ ਹੈ (ਸਾਰਜੰਟ ਨੂੰ) ਸਾਰਜੰਟ ਤੁਸੀਂ ਸਾਰਾ ਕੰਮ ਧਿਆਨ ਨਾਲ ਕਰੋ। (ਸਾਰਜੰਟ ਗਦੀਆਂ ਨੂੰ ਚੁੱਕ ਕੇ ਦੇਖਦਾ ਹੈ, ਤਸਵੀਰਾਂ ਨੂੰ ਵੀ ਹਿਲਾਉਂਦਾ ਹੈ। ਜਿਸ ਤਰ੍ਹਾਂ ਤਲਾਸ਼ੀ ਲੈ ਰਿਹਾ ਹੋਵੇ।) (ਮੇਅਰ ਵੱਲ) ਮੁਆਫ਼ ਕਰਨਾ ਜਨਾਬ ਇਹ ਸਾਡਾ ਫ਼ੌਜੀ ਨਿਯਮ ਹੈ...(ਡਾਇਰੀ ਨੂੰ ਪੜ੍ਹਦਿਆਂ ਹੋਇਆਂ) ਯਅਰ ਐਕਸੀਲੈਂਸੀ, ਮੇਰਾ ਖਿਆਲ ਹੈ ਕਿ ਇਥੇ ਕੁਝ ਹਥਿਆਰ ਵੀ ਹਨ... ਕਿਉਂ ਹਨ ਨਾ?

ਆਰਡਨ : ਹਥਿਆਰ? ਤੁਹਾਡਾ ਮਤਲਬ ਹੈ ਕਿ ਬੰਦੂਕਾਂ? ਹਾਂ ਮੇਰੇ ਕੋਲ ਇਕ ਸ਼ਿਕਾਰ ਕਰਨ ਵਾਲਾ ਬੰਦੂਕ ਹੈ... ਤੇ ਇਕ ਰਾਈਫਲ ਵੀ। ਤੁਹਾਨੂੰ ਪਤਾ ਹੀ ਹੋਣੈ ਕਿ ਮੈਂ ਸ਼ਿਕਾਰ ਖੇਡਣਾ ਕਦੋਂ ਦਾ ਛੱਡ ਚੁੱਕਾ ਹਾਂ... ਹਮੇਸ਼ਾ ਸੋਚਦਾ ਹਾਂ ਕਿ ਐਤਕੀ ਸ਼ਿਕਾਰ ਲਈ ਜਾਵਾਂਗਾ, ਪਰ ਜਦੋਂ ਰੁੱਤ ਆਉਂਦੀ ਹੈ ਤਾਂ ਪਤਾ ਨਹੀਂ ਕਿਵੇ ਹਰ ਸਾਲ ਸਲਾਹ ਰਹਿ ਜਾਂਦੀ ਹੈ। ਅਸਲ ਵਿਚ ਹੁਣ ਮੈਨੂੰ ਸ਼ਿਕਾਰ ਖੇਡਣ ਵਿਚ ਉਹ ਅਨੰਦ ਨਹੀਂ ਆਉਂਦਾ ਜਿਹੜਾ ਪਹਿਲਾਂ ਜਵਾਨੀ ਵੇਲੇ ਆਉਂਦਾ ਸੀ।

ਕਪਤਾਨ : (ਜਿਸ ਤਰ੍ਹਾਂ ਉਸਨੂੰ ਮੇਅਰ ਦੀ ਇਸ ਗੱਲ ਵਿਚ ਦਿਲਚਸਪੀ ਨਹੀਂ ਕਿ ਉਸਨੂੰ ਸ਼ਿਕਾਰ ਦਾ ਸੁਆਦ ਨਹੀਂ ਆਉਂਦਾ। ਯੋਅਰ ਐਕਸੀਲੈਂਸੀ, ਕਿਥੇ ਨੇ ਉਹ ਬੰਦੂਕਾਂ?

ਮੇਅਰ : ਮੇਅਰ ਖਿਆਲ ਏ... ਕਿਉਂ ਸ਼ੈਰ? ਕਿਤੇ ਉਹ ਸੌਣ ਵਾਲੇ ਕਮਰੇ ਦੀ ਅਲਮਾਰੀ ਵਿਚ ਮੋਟੀਆਂ ਸੋਟੀਆਂ ਦੇ ਨਾਲ ਤਾਂ ਨਹੀਂ ਪਈਆਂ?

ਮਾਦਾਮ : ਹਾਂ ਉਥੇ ਹੀ ਹਨ... ਤੇ ਸੁਣੋ ਉਸ ਅਲਮਾਰੀ ਦੇ ਵਸਤਰਾਂ ਦੇ ਹਰ ਟਾਂਕੇ ਵਿਚ ਤੇਲ ਦੀ ਬੂ ਆ ਰਹੀ ਏ। ਤੁਸੀਂ ਕਿਰਪਾ ਕਰਕੇ ਉਨ੍ਹਾਂ ਨੂੰ ਹੋਰ ਕਿਤੇ ਰੱਖ ਲਵੋ।

*(ਕਪਤਾਨ ਬੈਟਿੰਗ ਸਾਰਜੰਟ ਨੂੰ ਇਸ਼ਾਰਾ ਕਰਦਾ ਹੈ।)*

ਬੈਟਿੰਗ : ਸਾਰਜੰਟ ਤੁਸੀਂ ਉਹ ਬੰਦੂਕਾਂ ਇਥੇ ਲੈ ਆਵੋ (ਫੇਰ ਮੇਅਰ ਵੱਲ) ਯੂਅਰ ਐਕਸੀਲੈਂਸੀ ਇਹ ਬੜੀ ਅਣਸੁਖਾਵੀਂ ਡਿਊਟੀ ਏ, ਮੈਨੂੰ ਇਸਦਾ ਅਫਸੋਸ ਏ।

*(ਫੇਰ ਏਧਰ ਉਧਰ ਸਾਵਧਾਨੀ ਨਾਲ ਵੇਖਦਾ ਹੈ, ਮੇਅਰ ਆਰਾਮ ਨਾਲ ਇਕ ਕੁਰਸੀ 'ਤੇ ਬੈਠ ਜਾਂਦਾ ਹੈ। ਉਨ੍ਹਾਂ ਨੂੰ ਦਰਵਾਜ਼ੇ ਨਾਲ ਖੜ੍ਹਾ ਕਰ ਦੇਂਦਾ ਹੈ।)*

ਬੈਟਿੰਗ : ਸਾਰਜੰਟ ਤੁਸੀਂ ਉਹ ਬੰਦੂਕਾਂ ਇਥੇ ਲੈ ਆਵੋ (ਫੇਰ ਮੇਅਰ ਵੱਲ) ਯੂਅਰ ਐਕਸੀਲੈਂਸੀ ਇਹ ਬੜੀ ਅਣਸੁਖਾਵੀਂ ਡਿਊਟੀ ਏ, ਮੈਨੂੰ ਇਸਦਾ ਅਫਸੋਸ ਏ।

*(ਫੇਰ ਇਧਰ ਉਧਰ ਸਾਵਧਾਨੀ ਨਾਲ ਦੇਖਦਾ ਹੈ, ਮੇਅਰ ਆਰਾਮ ਨਾਲ ਇਕ ਕੁਰਸੀ 'ਤੇ ਬੈਠ ਜਾਂਦਾ ਹੈ, ਸਾਰਜੰਟ ਇਕ ਹੱਥ 'ਚ ਬੰਦੂਕ ਤੇ ਦੂਜੇ ਹੱਥ 'ਚ ਰਾਈਫਲ ਚੁੱਕੀ ਆਉਂਦਾ ਹੈ। ਉਨ੍ਹਾਂ ਨੂੰ ਦਰਵਾਜ਼ੇ ਨਾਲ ਖੜ੍ਹਾ ਕਰ ਦਿੰਦਾ ਹੈ।)*

ਬੈਟਿੰਗ : (ਹਥਿਆਰਾਂ ਕੋਲ ਜਾਂਦਿਆਂ ਹੋਇਆਂ) ਬਸ ਇਹੋ ਹਨ ? ਸ਼ੁਕਰੀਆ ਯੂਅਰ ਐਕਸੀਲੈਂਸੀ, ਸ਼ੁਕਰੀਆ ਮਾਦਾਮ ਹਾਂ ਤੇ ਡਾਕਟਰ ਵਿੰਟਰ ਤੁਹਾਡਾ ਵੀ ਸ਼ੁਕਰੀਆ ਕਰਨਲ ਲਾਂਸਰ ਹੁਣ ਛੇਤੀ ਹੀ ਆਉਣ ਵਾਲੇ ਹਨ।

*(ਉਹ ਝੁਕ ਕੇ ਸਾਰਿਆਂ ਕੋਲੋਂ ਵਿਦਾਇਗੀ ਲੈਂਦਾ ਹੈ ਤੇ ਸਾਹਮਣੇ ਦਰਵਾਜ਼ੇ ਵਿਚ ਬਾਹਰ ਨਿਕਲ ਜਾਂਦਾ ਹੈ, ਸਾਰਜੰਟ ਹਥਿਆਰ ਚੁੱਕੀ ਉਨ੍ਹਾਂ ਦੇ ਮਗਰ-ਮਗਰ ਨਿਕਲ ਜਾਂਦਾ ਹੈ।)*

ਮਾਦਾਮ : ਲੈ ਮੈਂ ਤਾਂ ਪਹਿਲਾਂ ਇਹੀ ਸਮਝੀ ਸਾਂ ਕਿ ਇਹ ਕਰਨਲ ਹੈ, ਕਿਡਾ ਸੋਹਣਾ ਤੇ ਬਾਂਕਾ ਜਵਾਨ ਸੀ... ਤੁਹਾਡਾ ਕੀ ਖਿਆਲ ਹੈ, ਡਾਕਟਰ ਕਿਤਨੇ ਕੁ ਆਦਮੀ ਆਉਣਗੇ ?

ਵਿੰਟਰ : ਕੀ ਕਹਿ ਸਕਦੇ ਹਾਂ...

ਮਾਦਾਮ : ਹਾਂ ਕੀ ਕਹਿ ਸਕਦੇ ਹਾਂ ?...ਅਸੀਂ ਸਲਾਹ ਕਰ ਰਹੇ ਸਾਂ ਕਿ ਉਨ੍ਹਾਂ ਨੂੰ ਚਾਹ ਪਿਲਾਈਏ ਜਾਂ ਸ਼ਰਾਬ। ਜੇ ਅਸੀਂ ਕੁਝ ਪਿਲਾਉਂਦੇ ਹਾਂ ਤਾਂ ਕੀ ਪਤਾ ਉਹ ਕਿਤਨੇ ਆਦਮੀ ਹੋਣ ਤੇ ਕੁਝ ਨਹੀਂ ਪਿਲਾਉਂਦੇ ਤੇ ਫੇਰ ਕੀ ਕਰੀਏ ?

*(ਮੇਅਰ ਵੱਲ ਵੇਖਦੀ ਹੈ, ਉਹ ਕੋਈ ਜਵਾਬ ਦੇਣ ਦੇ ਮੂਡ ਵਿਚ ਨਹੀਂ, ਡਾਕਟਰ ਵਿੰਟਰ ਵੱਲ ਵੇਖਦੀ ਹੈ।)*

ਵਿੰਟਰ : ਮਾਦਾਮ, ਮੈਂ ਤੁਹਾਡੇ ਸਵਾਲ ਦੇ ਜਵਾਬ ਵਿਚ ਕੁਝ ਨਹੀਂ ਕਹਿ ਸਕਦਾ, ਮੁਦਤ ਹੋਈ ਨਾ ਤਾਂ ਅਸਾਂ ਕਿਸੇ ਨੂੰ ਪਰਾਜੈ ਕੀਤਾ ਹੈ ਤੇ ਨਾ ਹੀ ਕਿਸੇ ਨੇ ਸਾਡੇ ਉਤੇ ਜਿੱਤ ਪ੍ਰਾਪਤ ਕੀਤੀ ਹੈ। ਕੀ ਪਤਾ ਕਿਹੜੀ ਚੀਜ਼ ਪੇਸ਼ ਕਰਨੀ ਚਾਹੀਦੀ ਹੈ ਤੇ ਕਿਹੜੀ ਨਹੀਂ ਕਰਨੀ ਚਾਹੀਦੀ।

ਆਰਡਨ : ਮੇਰਾ ਖਿਆਲ ਏ, ਸਾਨੂੰ ਕੁਝ ਵੀ serve ਨਹੀਂ ਕਰਨਾ ਚਾਹੀਦਾ। ਸਾਡੇ ਲੋਕਾਂ ਨੂੰ ਇਹ ਗੱਲ ਚੰਗੀ ਨਹੀਂ ਲਗਣੀ। ਪਤਾ ਨਹੀਂ ਕਿਉਂ, ਮੈਨੂੰ ਆਪ ਵੀ ਉਨ੍ਹਾਂ ਨਾਲ ਸ਼ਰਾਬ ਪੀਣੀ ਪਸੰਦ ਨਹੀਂ।

ਮਾਦਾਮ : ਪਰ ਡੀਅਰ... (ਫੇਰ ਵਿੰਟਰ ਵੱਲ ਵੇਖ ਕੇ) ਕੀ ਲੋਕ ਪੁਰਾਣੇ ਜ਼ਮਾਨੇ ਵਿਚ... ਮੇਰਾ ਮਤਲਬ ਨੇਤਾ ਲੋਕਾਂ ਤੋਂ ਹੈ, ਇਕ ਦੂਜੇ ਦਾ ਆਦਰ ਨਹੀਂ ਸਨ ਕਰਦੇ ਜਾਂ ਇਕ ਦੂਜੇ ਦੀ ਆਓ ਭਗਤ ਨਹੀਂ ਸਨ ਕਰਦੇ?

ਵਿੰਟਰ : ਹਾਂ, ਕਰਦੇ ਸਨ, ਜ਼ਰੂਰ ਕਰਦੇ ਸਨ, ਪਰ ਸ਼ਾਇਦ ਉਨ੍ਹਾਂ ਦੀ ਗੱਲ ਹੋਰ ਸੀ, ਪੁਰਾਣੇ ਜ਼ਮਾਨੇ ਦੇ ਰਾਜੇ ਮਹਾਰਾਜੇ ਲੜਾਈਆਂ ਇਸ ਤਰ੍ਹਾਂ ਲੜਦੇ ਸਨ, ਜਿਸ ਤਰ੍ਹਾਂ ਘਾਇਲ ਹੋ ਅੰਗਰੇਜ਼ ਸ਼ਿਕਾਰ ਖੇਡਦੇ ਹਨ ਤੇ ਜਦੋਂ ਕੋਈ ਹਿਰਨ ਜਾਂ ਬਾਰਾਸਿੰਘਾ ਤੀਰ ਖਾ ਕੇ ਘਾਇਲ ਹੋ ਜਾਂਦਾ ਹੈ ਤਾਂ ਉਸਦਾ ਰਲ ਕੇ ਭੋਜ ਕਰਦੇ ਹਨ। ਮੇਰਾ ਖਿਆਲ ਹੈ ਕਿ ਸਾਡੇ ਲੋਕਾਂ ਨੂੰ ਮੇਅਰ ਦਾ ਵਿਜੈਈ ਸੈਨ - ਅਧਿਕਾਰੀਆਂ ਨਾਲ ਬੈਠ ਕੇ ਸ਼ਰਾਬ ਪੀਣੀ ਪਸੰਦ ਨਹੀਂ ਹੋਵੇਗਾ।

ਮਾਦਾਮ : ਪਰ... ਐਨੀ ਨੇ ਤਾਂ ਮੈਨੂੰ ਦੱਸਿਆ ਏ ਕਿ ਲੋਕ ਤਾਂ ਆਪ ਚੌਂਕ ਵਿਚ ਖੜੇ ਹੋ ਕੇ ਬੈਂਡ ਦਾ ਸੰਗੀਤ ਸੁਣ ਰਹੇ ਹਨ... ਜੇ ਉਹ ਅਜਿਹਾ ਕਰ ਸਕਦੇ ਹਨ ਤਾਂ ਅਸੀਂ ਕਿਉਂ ਇਕ ਦੂਜੇ ਦਾ ਆਦਰ ਕਰਨ ਦੀ ਪੁਰਾਣੀ ਸਭਿਆ ਰੀਤ ਜਾਰੀ ਰੱਖੀਏ?

ਮੇਅਰ : ਮਾਦਾਮ... (ਥੋੜੀ ਤਲਖੀ ਨਾਲ) ਮੇਰਾ ਖਿਆਲ ਹੈ, ਜੇ ਤੁਹਾਡੀ ਆਗਿਆ ਹੋਵੇ ਤਾਂ ਅਸੀਂ ਸ਼ਰਾਬ ਨਹੀਂ ਪੀਵਾਂਗੇ, ਲੋਕ ਤਾਂ ਹਾਲੀ ਡੋਰ-ਭੋਰ ਹੋਏ ਪਏ ਹਨ। ਉਹ ਇਤਨੇ ਚਿਰ ਤੋਂ ਸੁੱਖ-ਸ਼ਾਂਤੀ ਦਾ ਆਜ਼ਾਦ ਜੀਵਨ ਬਿਤਾਉਂਦੇ ਆਏ ਹਨ ਕਿ ਉਨ੍ਹਾਂ ਨੂੰ ਯੁੱਧ ਦਾ ਜਾਂ ਆਪਣੀ ਹਾਰ ਦਾ ਯਕੀਨ ਹੀ ਨਹੀਂ ਆਉਂਦਾ... ਜਦੋਂ ਉਹ ਸਾਰੀ ਗੱਲ ਨੂੰ ਸਮਝ ਲੈਣਗੇ ਤਾਂ ਸ਼ਾਇਦ ਉਨ੍ਹਾ ਦਾ ਇਹ ਵਤੀਰਾ ਨਹੀਂ ਰਹੇਗਾ... ਮਾਦਾਮ, ਉਨ੍ਹਾਂ ਨੇ ਮੈਨੂੰ ਮੇਅਰ ਇਸ ਲਈ ਚੁਣਿਆ

ਹੈ ਕਿ ਉਨ੍ਹਾਂ ਦੇ ਸਾਰੇ ਫਿਕਰ ਮੈਂ ਆਪਣੇ ਸਿਰ 'ਤੇ ਲਵਾਂ। ਸਾਡੇ ਨਗਰ ਦੇ ਛੇ ਕੜੀ ਵਰਗੇ ਜਵਾਨ ਅੱਜ ਸਵੇਰੇ ਗੋਲੀਆਂ ਨਾਲ ਭੁੰਨ ਦਿੱਤੇ ਗਏ ਹਨ। ਅਸੀਂ ਇਸ ਸ਼ਿਕਾਰ ਦਾ ਭੋਜ ਨਹੀਂ ਕਰਾਂਗੇ। ਯੁੱਧ ਕਦੀ ਵੀ ਮਨਪਰਚਾਉਣ ਲਈ ਨਹੀਂ ਹੋਇਆ ਕਰਦੇ।

*(ਮੇਅਰ ਬੈਠ ਜਾਂਦਾ ਹੈ, ਚੁੱਪ ਹੈ, ਜਾਜ਼ਿਫ ਉਹਨੂੰ ਕਾਫੀ ਦਾ ਕੱਪ ਲਿਆ ਕੇ ਦਿੰਦਾ ਹੈ।)*

ਮੇਅਰ : ਸ਼ੁਕਰੀਆ ਜਾਜ਼ਿਫ...(ਡਾਕਟਰ ਵੱਲ ਵੇਖਦੇ ਹੋਏ) ਡਾਕਟਰ ਮੈਂ ਕੁਝ ਉਲਝ ਗਿਆ ਹਾਂ, ਮੇਰੀ ਸੋਚਣੀ ਉਲਝੀ ਨਹੀਂ ਹੋਣੀ ਚਾਹੀਦੀ - ਮੈਨੂੰ ਸਭ ਕੁਝ ਸਪੱਸ਼ਟ ਹੋਣਾ ਚਾਹੀਦਾ ਹੈ। ਕੀ ਤੁਹਾਨੂੰ ਪਤਾ ਏ ਕਿ ਹਮਲਾਵਰਾਂ ਦੀ ਗਿਣਤੀ ਕਿਤਨੀ ਹੈ?

ਵਿੰਟਰ : ਬਹੁਤੀ ਨਹੀਂ... ਮੇਰਾ ਖਿਆਲ ਏ ਕਿ ਉਹ ਢਾਈ ਸੌ ਤੋਂ ਵੱਧ ਨਹੀਂ – ਪਰ ਉਨ੍ਹਾਂ ਵਿਚੋਂ ਹਰ ਇਕ ਕੋਲ ਛੋਟੀ ਮਸ਼ੀਨਗਨ ਏ।

ਮੇਅਰ : ਕੀ ਤੁਹਾਨੂੰ ਦੇਸ਼ ਦੇ ਬਾਕੀ ਹਿੱਸਿਆਂ ਬਾਰੇ ਕੋਈ ਖ਼ਬਰ ਹੈ?

ਵਿੰਟਰ : (ਮੋਢੇ ਨਹੀਂ ਦੀ ਮੁੱਦਰਾ ਵਿਚ ਹਿਲਾਉਂਦਾ ਹੈ।)

ਮੇਅਰ : ਕੀ ਕਿਤੇ ਵੀ ਕੋਈ ਮੁਕਾਬਲਾ ਨਹੀਂ ਹੋਇਆ?

ਵਿੰਟਰ : ਕੁਝ ਨਹੀਂ ਆਖਿਆ ਜਾ ਸਕਦਾ। ਸਾਰੇ ਤਾਰ ਸੰਪਰਕ ਕੱਟ ਦਿੱਤੇ ਗਏ ਹਨ। ਸੰਚਾਰ ਸਾਧਨਾ 'ਤੇ ਦੁਸ਼ਮਣਾਂ ਦਾ ਕਬਜ਼ਾ ਹੋ ਗਿਆ ਹੈ, ਕਿਤੋਂ ਕੋਈ ਖ਼ਬਰ ਨਹੀਂ ਆਈ।

ਮੇਅਰ : ਤੇ ਸਾਡੇ ਜੁਆਨ? ਸਾਡੇ ਸੈਨਿਕ?

ਵਿੰਟਰ : ਮੈਨੂੰ ਕੁਝ ਪਤਾ ਨਹੀਂ।

ਮੇਅਰ : ਜਾਜ਼ਿਫ, ਅਸੀਂ ਉਨ੍ਹਾਂ ਨੂੰ ਸ਼ਰਾਬ ਨਹੀਂ ਪੇਸ਼ ਕਰਾਂਗੇ – ਮਾਦਾਮ ਤੁਸੀਂ ਕੋਈ ਫਿਕਰ ਨਾ ਕਰੋ... ਉਨ੍ਹਾਂ ਦੀ ਮਹਿਮਾਨ ਨਿਵਾਜ਼ੀ ਅਸੀਂ ਲੋੜ ਅਨੁਸਾਰ ਕਰ ਲਵਾਂਗੇ।

*(ਮਾਦਾਮ ਅੰਦਰ ਦੇ ਕਮਰੇ 'ਚ ਚਲੀ ਜਾਂਦੀ ਹੈ।)*

ਵਿੰਟਰ : ਆਰਡਨ, ਸਮਾਂ ਹੋ ਗਿਆ ਹੈ। ਤੁਸੀਂ ਆਗਿਆ ਦਿਓ ਤਾਂ ਮੈਂ ਚਲਾ ਜਾਵਾਂ।

ਮੇਅਰ : ਕਿਉਂ? ਤੁਸੀਂ ਕਿਉਂ ਜਾਵੋਗੇ? ਨਹੀਂ, ਨਹੀਂ, ਤੁਸੀਂ ਇਥੇ ਹੀ ਰਹੋਗੇ... ਡਾਕਟਰ ਮੈਨੂੰ ਕੁਝ ਡਰ ਜਿਹਾ ਲੱਗ ਰਿਹੈ... ਨਹੀਂ ਡਰ ਨਹੀਂ ਘਬਰਾਹਟ ਜਿਹੀ ਹੈ। ਗੱਲ ਇਹ ਹੈ ਕਿ ਸਾਨੂੰ ਜਿਥੋਂ ਤੱਕ ਮੇਰੀ ਯਾਦ ਹੈ ਕਿਸੇ ਨੇ ਕਦੇ ਵੀ ਪਰਾਜਿਤ ਨਹੀਂ ਕੀਤਾ, ਇਕ ਮੁੱਦਤ ਤੋਂ ਅਸੀਂ ਬਸ ਆਜ਼ਾਦ ਜ਼ਿੰਦਗੀ ਗੁਜ਼ਾਰ ਰਹੇ ਹਾਂ – ਤੇ ਹੁਣ ਅਚਾਨਕ...

*(ਦਰਵਾਜ਼ੇ 'ਤੇ ਦਸਤਕ ਹੁੰਦੀ ਹੈ, ਸਰਜੰਟ ਅੰਦਰ ਆਉਂਦਾ ਹੈ ਤੇ ਫੇਰ ਸਾਰੇ ਨਜ਼ਰ ਮਾਰਦਾ ਹੈ - ਕੋੜੇ ਵਕਫੇ ਬਾਅਦ ਕਰਨਨ ਲਾਂਸ ਤੇ ਉਹਦੇ ਪਿਛੇ ਕੈਰਿਲ ਹੈ - ਕਰਨਲ ਮੇਅਰ ਪਹਿਲੇ ਸਿਰ ਝੁਕਾਉਂਦਾ ਹੈ ਤੇ ਫੇਰ ਹੱਥ ਮਿਲਾਉਣ ਲਈ ਵਧਾਉਂਦਾ ਹੈ।ਦੋਵੇਂ ਹੱਥ ਮਿਲਾਉਂਦੇ ਹਨ।)*

ਲਾਂਸਰ : ਯੂਅਰ ਐਕਸੀਲੈਂਸੀ, ਬੰਦੇ ਨੂੰ ਕਰਨਨ ਲਾਂਸ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਥੇ ਆਏ ਫ਼ੌਜੀ ਦਸਤੇ ਦਾ ਮੈਂ ਹੀ ਕਮਾਂਡਰ ਹਾਂ।

*(ਵਿੰਟਰ ਵੱਲ ਸਵਾਲੀਆ ਨਜ਼ਰਾਂ ਨਾਲ ਵੇਖਦਾ ਹੈ।)*

ਮੇਅਰ : ਇਹ ਡਾਕਟਰ ਵਿੰਟਰ ਹਨ...

ਲਾਂਸਰ : ਕੀ ਤੁਸੀਂ ਇਥੋਂ ਦੇ ਕੋਈ ਅਧਿਕਾਰੀ ਹੋ ?

ਵਿੰਟਰ : ਇਹ ਸਵਾਲ ਤੁਹਾਡੇ ਕੈਪਟਨ ਨੇ ਵੀ ਪੁੱਛਿਆ ਸੀ, ਕਰਨਲ ਸਾਹਿਬ, ਮੈਂ ਡਾਕਟਰ ਹਾਂ, ਸਗੋਂ ਇੰਝ ਆਖੋ ਕਿ ਮੈਂ ਡਾਕਟਰ ਵੀ ਹਾਂ ਤੇ ਸਥਾਨਕ ਇਤਿਹਾਸਕਾਰ ਵੀ।

ਲਾਂਸਰ : ਮੇਰੀ ਸਲਾਮ ਕਬੂਲ ਕਰਨੀ... ਡਾਕਟਰ ਵਿੰਟਰ ਮੈਨੂੰ ਖਿਮਾ ਕਰਨਾ, ਕੀ ਤੁਹਾਡੇ ਇਤਿਹਾਸ ਵਿਚ ਇਕ ਔਧ ਮੌਕਾ...

ਵਿੰਟਰ : ਇਕ ਨਹੀਂ ਕਰਨਨ ਸਾਹਿਬ, ਇਨ੍ਹਾਂ ਘਟਨਾਵਾਂ ਦਾ ਜ਼ਿਕਰ ਕਈ ਸਫਿਆਂ 'ਤੇ ਫੈਲੇਗਾ।

ਲਾਂਸਰ : (ਕੈਰਿਲ ਵੱਲ ਮੇਅਰ ਦਾ ਧਿਆਨ ਦੁਆਉਂਦੇ ਹੋਏ) ਮੇਰਾ ਖਿਆਲ ਏ, ਯੂਅਰ ਐਕਸੀਲੈਂਸੀ ਤੁਸੀਂ ਮਿਸਟਰ ਕੈਰਿਲ ਨੂੰ ਜਾਣਦੇ ਹੀ ਹੋ ?

ਮੇਅਰ : ਜਾਰਜ ਕੈਰਿਲ ? ਇਨ੍ਹਾਂ ਨੂੰ ਇਥੇ ਕੌਣ ਨਹੀਂ ਜਾਣਦਾ ? ਸੁਣਾਓ ਜਾਰਜ, ਤੁਹਾਡਾ ਕੀ ਹਾਲ ਹੈ ? ਸਿਹਤ ਤੁਹਾਡੀ ਠੀਕ ਹੈ ਨਾ ?

ਵਿੰਟਰ : (ਵਿਅੰਗ ਨਾਲ) ਇਨ੍ਹਾਂ ਦੀ ਸਿਹਤ ਠੀਕ ਏ, ਸਗੋਂ ਬਹੁਤ ਹੀ ਠੀਕ ਏ... (ਹੋਰ ਵਿਅੰਗ ਨਾਲ) ਯੂਅਰ ਐਕਸੀਲੈਂਸੀ, ਸਾਡੇ ਮਿੱਤਰ ਜਾਰਜ ਕੈਰਿਲ ਨੇ ਹੀ ਨਗਰ ਉਤੇ ਹਮਲੇ ਦੀ ਯੋਜਨਾ ਬਣਾਈ ਸੀ। ਇਸਨੇ ਹੀ ਸਾਡੇ ਸੈਨਿਕਾਂ ਨੂੰ ਨਗਰ ਤੋਂ ਬਾਹਰ ਰੱਖਣ ਲਈ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਦਾ ਢੋਂਗ ਰਚਾਇਆ ਸੀ। ਕੈਰਿਲ ਨੇ ਹੀ ਨਗਰ ਦੇ ਸਾਰੇ ਹਥਿਆਰਾਂ ਦੀ ਸੂਚੀ ਬਣਾਈ... ਅੱਜ ਦੀ ਸਾਰੀ ਕਾਰਵਾਈ ਨੂੰ ਸਾਡੇ ਇਸ ਮਿਹਰਬਾਨ ਦੋਸਤ ਨੇ ਹੀ ਨੇਪਰੇ ਚਾੜ੍ਹਿਆ ਹੈ।

ਕੈਰਿਲ : (ਕ੍ਰੋਧ ਵਿਚ) ਬਸ, ਬਸ ਤੂੰ ਰਹਿਣ ਦੇ ਡਾਕਟਰ... ਹੁਣ ਬਹੁਤਾ ਨਾ ਵਧਦਾ ਜਾ, ਮੈਂ ਜਿਸ ਚੀਜ਼ ਨੂੰ ਠੀਕ ਸਮਝਦਾ ਹਾਂ ਉਸ ਨੂੰ ਪੂਰਾ

ਕਰਨ ਲਈ ਕਦੀ ਨਹੀਂ ਝਿਜਕਿਆ। ਮੈਨੂੰ ਇਸ ਗੱਲ ਦਾ ਮਾਣ ਹੈ।

ਵਿੰਟਰ : ਹਾਂ, ਤੈਨੂੰ ਮਾਣ ਏ ਕਿ ਤੂੰ ਚੰਗਾ ਵਪਾਰੀ ਏਂ।

ਕੈਰਿਲ : ਇੰਝ ਹੀ ਸਮਝ ਲੈ...

ਮੇਅਰ : (ਜਿਸ ਤਰ੍ਹਾਂ ਉਸਨੂੰ ਸਦਮਾ ਲੱਗਿਆ) ਨਹੀਂ, ਇਹ ਨਹੀਂ ਹੋ ਸਕਦਾ... ਜਾਰਜ ਤੂੰ ਇਹ ਨਹੀਂ ਕਰ ਸਕਦਾ... ਤੂੰ ਮੇਰੇ ਨਾਲ ਮੇਰੀ ਮੇਜ਼ ਉਤੇ ਬੈਠਾ ਏਂ... ਤੂੰ ਮੇਰੇ ਨਾਲ ਸ਼ਰਾਬ ਪੀਤੀ ਹੈ... ਤੂੰ ਹਸਪਤਾਲ ਦਾ ਨਕਸ਼ਾ ਬਣਾਉਣ ਵਿਚ ਮੇਰੀ ਸਹਾਇਤਾ ਕੀਤੀ - ਨਹੀਂ, ਨਹੀਂ, ਤੂੰ ਇਹੋ ਜਿਹੀ ਗਦਾਰੀ ਨਹੀਂ ਕਰ ਸਕਦਾ। (ਫੇਰ ਐਕਜੋਸਟ ਹੋ ਕੇ ਕੁਰਸੀ 'ਤੇ ਬੈਠ ਜਾਂਦਾ ਹੈ - ਵਕਫੇ ਬਾਅਦ) ਤੁਸੀਂ ਸੁਣ ਲਵੋ, ਕਰਨਨ ਲਾਂਸਰ, ਇਸ ਆਦਮੀ ਦੀ ਮੌਜੂਦਗੀ ਵਿਚ ਮੈਂ ਕੋਈ ਗੱਲਬਾਤ ਨਹੀਂ ਕਰਾਂਗਾ।

ਕੈਰਿਲ : ਮੈਨੂੰ ਇਥੇ ਮੌਜੂਦ ਹੋਣ ਦਾ ਹੱਕ ਹੈ। ਤੁਹਾਨੂੰ ਦੱਸ ਦੇਵਾਂ ਕਿ ਮੈਂ ਵੀ ਦੂਜਿਆਂ ਵਾਂਗ ਹੀ ਸੈਨਿਕ ਅਧਿਕਾਰੀ ਹਾਂ। ਫਰਕ ਕੇਵਲ ਇਤਨਾ ਹੈ ਕਿ ਮੈਂ ਵਰਦੀ ਨਹੀਂ ਪਾਉਂਦਾ।

ਮੇਅਰ : ਕਰਨਲ ਲਾਂਸਰ, ਇਸ ਆਦਮੀ ਦੀ ਮੌਜੂਦਗੀ ਵਿਚ ਮੈਂ ਕੋਈ ਗੱਲਬਾਤ ਨਹੀਂ ਕਰਾਂਗਾ।

ਲਾਂਸਰ : ਮਿਸਟਰ ਕੈਰਿਲ, ਚੰਗਾ ਹੋਵੇਗਾ ਜੇ ਤੁਸੀਂ ਇਥੋਂ ਚਲੇ ਜਾਵੋ...

ਕੈਰਿਲ : ਮੈਨੂੰ ਇਥੇ ਹੋਣ ਦਾ ਹੱਕ ਹੈ, ਕਰਨਲ ਸਾਹਿਬ।

ਲਾਂਸਰ : ਹੁਣ ਤੁਸੀਂ ਜਾ ਸਕਦੇ ਹੋ, ਮਿਸਟਰ ਕੈਰਿਲ, ਕੀ ਤੁਹਾਡੀ ਪਦਵੀ ਮੇਰੇ ਨਾਲੋਂ ਵੀ ਉਚੇਰੀ ਹੈ?

ਕੈਰਿਲ : ਨਹੀਂ ਜਨਾਬ।

ਲਾਂਸਰ : ਇਸ ਲਈ ਮਿਹਰਬਾਨੀ ਕਰਕੇ ਚਲੇ ਜਾਵੋ।

*(ਕੈਰਿਲ ਜਾਂਦਾ ਹੈ, ਜਾਜ਼ਿਫ ਵਿਅੰਗਮਈ ਹਾਸੇ ਨਾਲ ਬੂਹਾ ਖੋਲਦਾ ਹੈ।)*

ਵਿੰਟਰ : (ਮੁਸਕਰਾਉਂਦੇ ਹੋਏ) ਇਸ ਘਟਨਾ ਦਾ ਵਰਣਨ ਮੇਰੇ ਇਤਿਹਾਸ ਦੇ ਘੱਟੋ ਘੱਟ ਇਕ ਪੈਰੇ ਨੂੰ ਜ਼ਰੂਰ ਦਿਲਚਸਪ ਬਣਾਵੇਗਾ।

*(ਇਕ ਦਮ ਕਿਚਨ ਵਾਲਾ ਦਰਵਾਜ਼ਾ ਖੁੱਲਦਾ ਹੈ, ਐਨੀ ਗੁੱਸੇ ਵਿਚ ਆਉਂਦੀ ਹੈ।)*

ਐਨੀ : ਯੂਅਰ ਐਕਸੀਲੈਂਸੀ, ਪਿਛਲੇ ਪਾਸੇ ਕੁਝ ਸੈਨਿਕ ਆਣ ਖੜੋਤੇ ਹਨ।

ਲਾਂਸਰ : ਫਿਕਰ ਨਾ ਕਰ - ਉਹ ਅੰਦਰ ਨਹੀਂ ਆਉਣ ਲੱਗੇ, ਇਹ ਤਾਂ ਸਿਰਫ਼ ਸਾਡਾ ਫ਼ੌਜੀ ਕਾਇਦਾ ਹੈ।

ਮੇਅਰ : ਐਨੀ, ਤੂੰ ਕਿਚਨ ਵਿਚ ਕੰਮ ਕਰ। ਕੁਝ ਨਹੀਂ ਹੋਵੇਗਾ।

ਐਨੀ : ਨਹੀਂ ਸਰ, ਉਹ ਆਉਣਗੇ... ਉਹ ਕਾਫੀ ਦੀ ਖੁਸ਼ਬੂ ਲੈ ਰਹੇ ਸਨ। ਉਨ੍ਹਾਂ ਦੀਆਂ ਅੱਖਾਂ ਵਿਚ ਕਾਫੀ ਦੀ ਲਾਲਸਾ ਸੀ।

ਮੇਅਰ : ਮੈਂ ਜੋ ਤੈਨੂੰ ਕਿਹਾ ਹੈ ਉਹੀ ਕਰ... ਵਾਪਸ ਕਿਚਨ 'ਚ ਜਾ।

ਐਨੀ : ਜੀ ਯੂਅਰ ਐਕਸੀਲੈਂਸੀ...

*(ਉਹਦੇ ਜਾਣ ਦੇ ਬਾਅਦ ਦੋਨੋਂ ਬੈਠਦੇ ਹਨ।)*

ਲਾਂਸਰ : ਯੂਅਰ ਐਕਸੀਲੈਂਸੀ, ਅਸੀਂ ਸਾਰਾ ਕੰਮ ਸਦਭਾਵਨਾ ਨਾਲ ਕਰਨਾ ਚਾਹੁੰਦੇ ਹਾਂ। ਇਹ ਸਾਫ਼ ਹੈ ਕਿ ਇਹ ਯੁੱਧ ਇਕ ਵਪਾਰਕ ਦਾਅ ਹੈ। ਸਾਨੂੰ ਇਥੋਂ ਦੀਆਂ ਕੋਲੇ ਦੀਆਂ ਖਾਨਾਂ ਅਤੇ ਮੱਛੀ ਦੇ ਵਪਾਰ ਦੀ ਲੋੜ ਹੈ, ਇਸ ਲੋੜ ਨੂੰ ਅਸਾਂ ਹਰ ਹਾਲਤ ਵਿਚ ਪੂਰਾ ਕਰਨਾ ਹੈ। ਅਸੀਂ ਕੋਸ਼ਿਸ਼ ਕਰਾਂਗੇ ਕਿ ਤੁਹਾਡੇ ਨਾਲ ਕਿਸੇ ਪ੍ਰਕਾਰ ਦੇ ਝਗੜੇ ਦੀ ਨੌਬਤ ਨਾ ਆਵੇ...

ਮੇਅਰ : ਮੈਂ ਇਸ ਸਾਰੇ ਹਾਲਾਤ ਬਾਰੇ ਕੀ ਕਹਿ ਸਕਦਾ ਹਾਂ ? ਨਾਲੇ ਮੈਨੂੰ ਕੋਈ ਖ਼ਬਰ ਨਹੀਂ ਕਿ ਦੇਸ਼ ਦੇ ਬਾਕੀ ਹਿੱਸਿਆਂ ਵਿਚ ਕੀ ਬੀਤੀ ਹੈ ?

ਲਾਂਸਰ : ਸਭ ਥਾਈ ਸਾਡਾ ਕਬਜ਼ਾ ਹੋ ਗਿਆ ਹੈ। ਇਸ ਫ਼ੌਜੀ ਮੁਹਿੰਮ ਦੀ ਯੋਜਨਾ ਅਸੀਂ ਬੜੀ ਸਿਆਣਪ ਨਾਲ ਬਣਾਈ ਸੀ।

ਮੇਅਰ : ਕੀ ਕਿਤੇ ਵੀ ਕੋਈ ਵਿਰੋਧਤਾ ਨਹੀਂ ਹੋਈ ?

ਲਾਂਸਰ : ਕਾਸ਼ ਕਿ ਇਹ ਵਿਰੋਧਤਾ ਨਾ ਹੁੰਦੀ। ਕੁਝ ਥਾਵਾਂ 'ਤੇ ਥੋੜੀ ਜਿਹੀ ਰੁਕਾਵਟ ਪਾਈ ਗਈ ਪਰੰਤੂ ਇਸਦਾ ਨਤੀਜਾ ਕੇਵਲ ਇਹੋ ਹੋਇਆ ਕਿ ਕੁਝ ਲੋਕ ਨਾ - ਹੱਕ ਘਾਇਲ ਹੋ ਗਏ। ਅਸਾਂ ਇਸ ਲੜਾਈ ਦੀ ਤਿਆਰੀ ਬੜੀ ਵਿਉਂਤ ਨਾਲ ਕੀਤੀ ਸੀ।

ਮੇਅਰ : ਪਰ ਵਿਰੋਧਤਾ ਹੋਈ ਨਾ ? ਲੋਕਾਂ ਨੇ ਇਸ ਨੂੰ ਹੋਣੀ ਜਾਣ ਕੇ ਸਵੀਕਾਰ ਨਹੀਂ ਨਾ ਕੀਤਾ ? ਇਹ ਇਕ ਵੱਡੀ ਗੱਲ ਹੈ।

ਲਾਂਸਰ : ਹਾਂ, ਕੁਝ ਲੋਕਾਂ ਨੇ ਟਾਕਰਾ ਕੀਤਾ... ਪਰ ਅਜਿਹਾ ਕਰਨਾ ਪਾਗਲਪਨ ਸੀ, ਇਕ ਤਰ੍ਹਾਂ ਦੀ ਮੂਰਖਤਾ, ਇਸ ਨਗਰ ਵਾਂਗ ਅਸੀਂ ਹਰ ਥਾਂ ਵਿਜੈਈ ਰਹੇ।

ਵਿੰਟਰ : ਚਲੋ ਮੂਰਖਤਾ ਹੀ ਸਹੀ... ਪਰ ਵੱਡੀ ਗੱਲ ਹੈ ਕਿ ਉਨ੍ਹਾਂ ਨੇ ਵਿਰੋਧਤਾ ਕੀਤੀ - ਉਨ੍ਹਾਂ ਨੇ ਟੱਕਰ ਲਈ।

ਲਾਂਸਰ : ਨਹੀਂ ਡਾਕਟਰ, ਇਹ ਕੋਈ ਵੱਡੀ ਗੱਲ ਨਹੀਂ... ਕੇਵਲ ਕੁਝ ਸੈਨਿਕਾਂ ਨੇ ਵਿਰੋਧ ਕੀਤਾ ਤੇ ਉਹ ਸਾਰੇ ਖਤਮ ਹੋ ਚੁੱਕੇ ਹਨ। ਆਮ ਤੌਰ 'ਤੇ ਇਸ ਦੇਸ਼ ਦੇ ਲੋਕ ਬੜੇ ਅਮਨ ਪਸੰਦ ਹਨ।

ਵਿੰਟਰ : ਲੋਕ ਅਮਨ ਪਸੰਦ ਹਨ - ਪਰ ਉਨ੍ਹਾਂ ਨੂੰ ਤਾਂ ਹਾਲਾਂ ਤੱਕ ਪਤਾ

ਨਹੀਂ ਕਿ ਹੋਇਆ ਕੀ ਹੈ ?

ਲਾਂਸਰ : (ਘਾਗ ਬੰਦਿਆਂ ਵਾਂਗ) ਉਨ੍ਹਾਂ ਨੂੰ ਪਤਾ ਲਗਦਾ ਜਾਂਦੈ ਤੇ ਮੈਨੂੰ ਯਕੀਨ ਹੈ ਕਿ ਉਹ ਮੁੜਕੇ ਇਹੋ ਜਿਹੀ ਮੂਰਖਤਾ ਨਹੀਂ ਕਰਨਗੇ (ਵਕਫਾ) ਤੇ ਯੂਅਰ ਐਕਸੀਲੈਂਸੀ, ਮੈਂ ਹੁਣ ਕੰਮ ਦੀ ਗੱਲ ਕਰਨਾ ਚਾਹੁੰਦਾ ਹਾਂ... ਅਸਲ ਵਿਚ ਮੈਂ ਬੜਾ ਥੱਕਿਆ ਹੋਇਆ ਹਾਂ ਤਾਂ ਵੀ ਸੌਣ ਤੋਂ ਪਹਿਲਾਂ ਮੈਂ ਸਾਰਾ ਪ੍ਰਬੰਧ ਪੂਰਾ ਕਰ ਲੈਣਾ ਚਾਹੁੰਦਾ ਹਾਂ (ਵਕਫਾ ਤੇ ਮੂਵਮੈਂਟ) ਮੈਂ ਸਿਪਾਹੀ ਨਾਲੋਂ ਵਧੇਰੇ ਇੰਜੀਨੀਅਰ ਹਾਂ – ਇਹ ਸਾਰੀ ਮੁਹਿੰਮ ਸੈਨਿਕ ਜਿੱਤ ਨਾਲੋਂ ਵਧੇਰੇ ਇੰਜੀਨੀਅਰਿੰਗ ਦੀ ਮੁਹਿੰਮ ਸੀ, ਵੇਖੋ ਖਾਨਾਂ ਵਿਚੋਂ ਕੋਲੇ ਦਾ ਨਿਕਾਸ ਬੰਦ ਨਹੀਂ ਹੋਣਾ ਚਾਹੀਦਾ। ਇਹ ਬੜਾ ਜ਼ਰੂਰੀ ਹੈ। ਸਾਡੇ ਕੋਲ ਬੜੇ ਐਕਸਪਰਟ ਇੰਜੀਨੀਅਰ ਹਨ। ਉਨ੍ਹਾਂ ਦੀ ਨਿਗਰਾਨੀ ਵਿਚ ਤੁਹਾਡੇ ਲੋਕ ਖਾਨਾਂ ਵਿਚ ਕੰਮ ਕਰਦੇ ਰਹਿਣਗੇ, ਹੋ ਗਈ ਨਾ ਇਹ ਗੱਲ ਸਾਫ਼ ? ਅਸੀਂ ਕਿਸੇ ਕਿਸਮ ਦੀ ਸਖ਼ਤੀ ਨਹੀਂ ਕਰਨਾ ਚਾਹੁੰਦੇ।

ਮੇਅਰ : (ਬੜੇ ਸਹਿਜ ਨਾਲ) ਜੀ ਹਾਂ... ਗੱਲ ਤਾਂ ਸਾਫ਼ ਹੋ ਗਈ ਪਰ ਮੰਨ ਲਵੋ ਜੇ ਲੋਕ ਖਾਨਾਂ ਵਿਚ ਕੰਮ ਨਾ ਕਰਨਾ ਚਾਹੁਣ...

ਲਾਂਸਰ : ਮੈਨੂੰ ਆਸ ਹੈ ਕਿ ਉਹ ਕਰਨਾ ਚਾਹੁਣਗੇ ਕਿਉਂਕਿ ਉਨ੍ਹਾਂ ਨੂੰ ਕੰਮ ਕਰਨਾ ਪਵੇਗਾ। ਸਾਨੂੰ ਕੋਲੇ ਦੀ ਸਖ਼ਤ ਲੋੜ ਹੈ।

ਮੇਅਰ : ਪਰ ਜੇ ਉਹ ਨਾ ਕਰਨ ?

ਲਾਂਸਰ : ਉਹ ਨਾਂਹ ਨਹੀਂ ਕਰ ਸਕਦੇ। ਮੈਨੂੰ ਪਤਾ ਏ ਕਿ ਉਹ ਅਮਨ ਪਸੰਦ ਲੋਕ ਨੇ, ਕਿਸੇ ਪ੍ਰਕਾਰ ਦੀ ਗੜਬੜ ਨਹੀਂ ਚਾਹੁੰਦੇ।

ਮੇਅਰ : (ਚੁੱਪ ਕਰ ਸਿਰਫ਼ ਕੁਝ ਸਰੀਰ ਦੇ ਅੰਗਾਂ ਰਾਹੀਂ ਪ੍ਰਭਾਵ)

ਲਾਂਸਰ : (ਸਵਾਲੀਆ ਲਹਿਜੇ ਨਾਲ) ਕਿਉਂ ਠੀਕ ਹੈ ਨਾ ?

ਮੇਅਰ : ਕਰਨਨ ਸਾਹਿਬ, ਮੈਂ ਕੁਝ ਨਹੀਂ ਕਹਿ ਸਕਦਾ। ਸਾਡੇ ਲੋਕ ਆਪਣੇ ਰਾਜ ਵਿਚ ਤਾਂ ਜ਼ਰੂਰ ਅਮਨ ਪਸੰਦ ਹਨ ਪਰ ਤੁਹਾਡੇ ਰਾਜ ਵਿਚ ਉਨ੍ਹਾਂ ਦਾ ਕੀ ਵਿਹਾਰ ਹੋਵੇਗਾ, ਇਸ ਬਾਰੇ ਮੈਂ ਕੁਝ ਨਹੀਂ ਕਹਿ ਸਕਦਾ। ਉਨ੍ਹਾਂ ਲਈ ਇਹ ਇਕ ਬਿਲਕੁਲ ਹੀ ਨਵੀਂ ਗੱਲ ਹੋਵੇਗੀ। ਪਿਛਲੇ ਚਾਰ ਸੋ ਸਾਲ ਤੋਂ ਅਸੀਂ ਆਪਣਾ ਰਾਜ ਕਾਇਮ ਕੀਤਾ ਹੋਇਐ...

ਲਾਂਸਰ : ਇਹ ਸਭ ਕੁਝ ਸਾਨੂੰ ਪਤਾ ਹੈ। ਅਸੀਂ ਤੁਹਾਡੀ ਸਰਕਾਰ ਨੂੰ ਕਾਇਮ ਰੱਖਾਂਗੇ। ਮੇਅਰ ਵੀ ਤੁਸੀਂ ਹੀ ਰਹੋਗੇ। ਸਾਰੇ ਆਦੇਸ਼ ਤੇ ਐਲਾਨ ਤੁਸੀਂ ਹੀ ਕਰੋਗੇ। ਸਜ਼ਾ–ਮੁਆਫੀ ਦੇ ਅਧਿਕਾਰ ਵੀ ਤੁਹਾਡੇ ਕੋਲ ਹੀ ਰਹਿਣਗੇ – ਫੇਰ ਤਾਂ ਉਹ ਕੋਈ ਗੜਬੜ ਨਹੀਂ ਕਰਨਗੇ ਨਾ ?

ਮੇਅਰ : (ਲਾਂਸਰ ਦੀ ਗਲ ਦਾ ਜਵਾਬ ਨਹੀਂ ਦੇਂਦਾ ਪਰ ਵਿੰਟਰ ਵੱਲ ਵੇਖ ਕੇ ਪੁੱਛਦਾ ਹੈ) ਤੁਸੀਂ ਕੀ ਸੋਚ ਰਹੇ ਹੋ ਡਾਕਟਰ ?

ਵਿੰਟਰ : ਕੁਝ ਨਹੀਂ ਕਿਹਾ ਜਾ ਸਕਦਾ... ਪਰ ਇਹ ਵੀ ਇਕ ਦਿਲਚਸਪ ਤਜ਼ਰਬਾ ਹੋਵੇਗਾ... ਉਂਝ ਮੈਨੂੰ ਤਾਂ ਇਹ ਵਿਧੀ ਸਫ਼ਲ ਹੁੰਦੀ ਦਿਖਾਈ ਨਹੀਂ ਦਿੰਦੀ। ਇੰਝ ਲਗਦੈ, ਝਗੜੇ ਹੋਣਗੇ। ਇਹ ਵੀ ਹੋ ਸਕਦੈ ਕਿ ਉਹ ਤਲਖ ਤੇ ਗੁੱਸੇ ਵਾਲੇ ਹੋ ਜਾਣ।

ਮੇਅਰ : ਤੇ ਕਰਨਲ, ਮੈਂ ਵੀ ਕੁਝ ਨਹੀਂ ਕਹਿ ਸਕਦਾ। ਮੈਂ ਵੀ ਉਨ੍ਹਾਂ ਵਿਚੋਂ ਹੀ ਇਕ ਹਾਂ, ਪਰ ਮੈਨੂੰ ਕੁਝ ਪਤਾ ਨਹੀਂ ਉਹ ਕੀ ਕਰਨ ? ਕੀ ਪਤਾ ਤੁਹਾਨੂੰ ਪਤਾ ਹੋਵੇ ਜਾਂ ਸ਼ਾਇਦ ਉਨ੍ਹਾਂ ਦਾ ਵਿਹਾਰ ਤੁਹਾਡੇ ਤੇ ਮੇਰੇ ਦੋਹਾਂ ਦੇ ਅੰਦਾਜ਼ਿਆਂ ਤੋਂ ਵੱਖਰਾ ਹੋਵੇ... ਕਈ ਲੋਕ ਜ਼ਾਬਰ ਹੁਕਮਰਾਨਾਂ ਨੂੰ ਕਬੂਲ ਕਰ ਲੈਂਦੇ ਹਨ ਤੇ ਉਨ੍ਹਾਂ ਦੇ ਅਧੀਨ ਰਹਿਣ ਲੱਗ ਪੈਂਦੇ ਹਨ। ਪਰ ਮੇਰੇ ਲੋਕਾਂ ਨੇ ਮੈਨੂੰ ਆਪ ਚੁਣਿਐ। ਉਨ੍ਹਾਂ ਨੇ ਮੈਨੂੰ ਬਣਾਇਆ ਹੈ ਤੇ ਉਹੀ ਮੈਨੂੰ ਹਟਾ ਸਕਦੇ ਨੇ ਤੇ ਜੇ ਕਿਤੇ ਉਨ੍ਹਾਂ ਨੂੰ ਇਹ ਭਰਮ ਪੈ ਗਿਆ ਕਿ ਮੈਂ ਤੁਹਾਡਾ ਪਿੱਠੂ ਬਣ ਗਿਆ ਹਾਂ ਤਾਂ ਉਹ ਸੱਚਮੁੱਚ ਹੀ ਮੈਨੂੰ ਹਟਾ ਦੇਣਗੇ। ਤਾਂ ਵੀ ਮੈਂ ਉਨ੍ਹਾਂ ਦੀ ਪ੍ਰਤੀਕਿਰਿਆ ਦਾ ਠੀਕ ਅਨੁਮਾਨ ਨਹੀਂ ਲਗਾ ਸਕਦਾ।

ਲਾਂਸਰ : ਯੂਅਰ ਐਕਸੀਲੈਂਸੀ, ਜੇ ਤੁਸੀਂ ਉਨ੍ਹਾਂ ਨੂੰ ਸ਼ਾਂਤ ਰੱਖੋ ਤਾਂ ਇਹ ਉਨ੍ਹਾਂ ਦੀ ਸੇਵਾ ਹੋਵੇਗੀ।

ਮੇਅਰ : ਸੇਵਾ ?

ਲਾਂਸਰ : ( ਨਾਲ) ਜੀ ਹਾਂ ਸੇਵਾ। ਮੇਅਰ ਹੋਣ ਦੇ ਨਾਤੇ ਇਹ ਤੁਹਾਡਾ ਧਰਮ ਹੈ ਕਿ ਤੁਸੀਂ ਉਨ੍ਹਾਂ ਦਾ ਹਰ ਤਰ੍ਹਾਂ ਨਾਲ ਧਿਆਨ ਰੱਖੋ। ਜੇ ਉਨ੍ਹਾਂ ਨੇ ਵਿਦਰੋਹ ਕੀਤਾ ਤਾਂ ਉਹ ਸਖ਼ਤ ਖਤਰੇ ਵਿਚ ਪੈ ਜਾਣਗੇ। ਵੇਖੋ ਕੋਲਾ ਤਾਂ ਅਸਾਂ ਲੈਣਾ ਹੀ ਲੈਣਾ ਹੈ। ਸਾਡੇ ਉਤੇ ਵਾਲੇ ਨੇਤਾ ਤਾਂ ਸਾਨੂੰ ਕੇਵਲ ਆਦੇਸ਼ ਦੇਂਦੇ ਹਨ। ਉਹ ਇਹ ਨਹੀਂ ਦਸਦੇ ਕਿ ਇਨਾਂ ਆਦੇਸ਼ਾਂ ਦਾ ਪਾਲਣ ਕਿਵੇਂ ਕਰਨਾ ਹੈ ? ਤੇ ਅਸਾਂ ਸੈਨਿਕਾਂ ਕੋਲ ਇਕੋ ਵਿਧੀ ਹੁੰਦੀ ਹੈ। ਪਰ ਤੁਸੀਂ ਤਾਂ ਆਪਣੇ ਆਦਮੀਆਂ ਦੀ ਰੱਖਿਆ ਕਰਨ ਵਾਲੇ ਹੋ। ਤੁਸੀਂ ਉਨ੍ਹਾਂ ਨੂੰ ਸ਼ਾਂਤੀ ਨਾਲ ਕੰਮ ਕਰਦੇ ਰਹਿਣ ਦੀ ਸਿੱਖਿਆ ਦੇਵੋ ਤਾਂ ਇਸ ਤਰ੍ਹਾਂ ਉਨ੍ਹਾਂ ਨੂੰ ਸੁਰੱਖਿਅਤ ਰੱਖੋ।

ਮੇਅਰ : ਪਰ ਮੰਨ ਲਓ ਉਹ ਸੁਰੱਖਿਆ ਰਹਿਣਾ ਨਹੀਂ ਚਾਹੁੰਦੇ ?

ਕਰਨਲ : ਫੇਰ ਉਨ੍ਹਾਂ ਲਈ ਤੁਹਾਨੂੰ ਸੋਚਣਾ ਪਵੇਗਾ।

ਮੇਅਰ : ਕਰਨਲ ਸਾਹਿਬ, ਮੇਰੇ ਲੋਕ ਇਹ ਪਸੰਦ ਨਹੀਂ ਕਰਦੇ ਕਿ ਉਨ੍ਹਾਂ

ਲਈ ਕੋਈ ਹੋਰ ਸੋਚੇ।

ਜਾਜ਼ਿਫ : ਖਿਮਾ ਕਰਨ, ਯੂਅਰ ਐਕਸੀਲੈਸੀ...

ਮੇਅਰ : ਕੀ ਗੱਲ ਹੈ ?

ਜਾਜ਼ਿਫ : ਐਨੀ ਖਫਾ ਹੋ ਰਹੀ ਹੈ, ਸਰ।

ਮੇਅਰ : ਕੀ ਹੋਇਐ ?

ਜਾਜ਼ਿਫ : ਐਨੀ, ਪਿਛਲੇ ਪਾਸੇ ਸੈਨਿਕਾਂ ਦਾ ਖੜਾ ਹੋਣਾ ਪਸੰਦ ਨਹੀਂ ਕਰਦੀ।

ਕਰਨਲ : ਕੀ ਉਹ ਕੁਝ ਗੜਬੜ ਕਰ ਰਹੇ ਹਨ ?

ਜਾਜ਼ਿਫ : ਉਹ ਦਰਵਾਜ਼ੇ ਵਿਚੋਂ ਐਨੀ ਨੂੰ ਝਾਕਦੇ ਨੇ, ਐਨੀ ਨੂੰ ਇਸ ਗੱਲ ਤੋਂ ਬੜੀ ਚਿੜ ਹੈ।

ਕਰਨਲ : ਉਹ ਤਾਂ ਕੇਵਲ ਆਪਣੀ ਡਿਊਟੀ ਨਿਭਾ ਰਹੇ ਹਨ, ਉਨ੍ਹਾਂ ਨੇ ਕਿਸੇ ਦਾ ਵਿਗਾੜਿਆ ਤਾਂ ਕੁਝ ਨਹੀਂ।

ਜਾਜ਼ਿਫ : ਦਰਅਸਲ ਜਨਾਬ, ਐਨੀ ਨੂੰ ਹਮੇਸ਼ਾਂ ਇਸ ਗੱਲ ਤੋਂ ਬੜੀ ਚਿੜ ਹੈ ਕਿ ਕੋਈ ਉਸਨੂੰ ਅਖਾਂ ਫਾੜ-ਫਾੜ ਕੇ ਦੇਖੋ...

ਮੇਅਰ : ਜਾਜ਼ਿਫ, ਐਨੀ ਨੂੰ ਆਖ ਕੇ ਜ਼ਰਾ ਸੰਭਲਕੇ ਰਹੇ। (ਜਾਜ਼ਿਫ ਜਾਂਦਾ ਹੈ।)

ਕਰਨਲ : ਹਾਂ ਤਾਂ ਯੂਅਰ ਐਕਸੀਲੈਸੀ, ਇਕ ਹੋਰ ਗੱਲ, ਕੀ ਇਹ ਸੰਭਵ ਹੈ ਕਿ ਮੈਂ ਤੇ ਮੇਰੇ ਸਾਥੀ ਇਥੇ ਤੁਹਾਡੇ ਇਸ ਮਹਿਲ ਵਿਚ ਹੀ ਠਹਿਰ ਜਾਈਏ।

ਮੇਅਰ : ਇਥੇ ਮੇਰੇ ਇਸ ਗਰੀਬਖਾਨੇ ? ਇਹ ਤਾਂ ਛੋਟੀ ਜਿਹੀ ਥਾਂ ਹੈ... ਇਸ ਨਗਰ ਵਿਚ ਇਸ ਤੋਂ ਵੱਡੀਆਂ ਤੇ ਬਹੁਤੀਆਂ ਆਰਾਮ ਦੇਹ ਬਿਲਡਿੰਗਾਂ ਨੇ...

ਕਰਨਲ : ਇਹ ਗੱਲ ਨਹੀਂ ਹੈ, ਸਾਡਾ ਤਜ਼ਰਬਾ ਹੈ ਕਿ ਜਦੋਂ ਸੈਨਿਕ ਸਟਾਂਫ ਲੋਕਲ ਅਧਿਕਾਰੀ ਦੇ ਨਾਲ ਰਹੇ ਤਾਂ ਅਮਨ ਸ਼ਾਂਤੀ ਦਾ ਕੰਮ ਬਹੁਤਾ ਆਸਾਨ ਹੋ ਜਾਂਦਾ ਹੈ।

ਮੇਅਰ : ਤੁਹਾਡਾ ਮਤਲਬ ਹੈ, ਲੋਕ ਟਪਲਾ ਖਾ ਜਾਂਦੇ ਨੇ ਕਿ ਅਧਿਕਾਰੀ ਹਮਲਾਵਰਾਂ ਨਾਲ ਰਲ ਗਿਆ ਹੈ।

ਕਰਨਲ : ਜੀ ਹਾਂ, ਸ਼ਾਇਦ ਇੰਝ ਹੀ ਹੈ।

*(ਮੇਅਰ ਇੰਟਰ ਵੱਲ ਦੇਖਦਾ ਹੈ। ਵਿੰਟਰ ਸਿਰਫ਼ ਵਿਅੰਗਮਈ ਮੁਸਕਾਨ ਦਿੰਦਾ ਹੈ।)*

ਮੇਅਰ : ਕੀ ਮੈਨੂੰ ਤੁਹਾਡੇ ਵੱਲੋਂ ਦਿੱਤੀ ਗਈ ਇੱਜ਼ਤ ਸਨਮਾਨ ਤੋਂ ਇਨਕਾਰ ਕਰਨ ਦੀ ਆਗਿਆ ਹੈ ?

ਕਰਨਲ : ਨਹੀਂ, ਯੂਅਰ ਐਕਸੀਲੈਂਸੀ ਬਿਲਕੁਲੀ ਨਹੀਂ, ਖਿਮਾ ਕਰਨਾ ਇਹ ਮੇਰੇ ਨੇਤਾ ਦਾ ਆਦੇਸ਼ ਹੈ।

ਮੇਅਰ : ਪਰ ਲੋਕ ਇਸਨੂੰ ਪਸੰਦ ਨਹੀਂ ਕਰਨਗੇ।

ਕਰਨਲ : (ਜਿਸ ਤਰ੍ਹਾਂ ਉਹਦਾ ਸਬਰ ਖਤਮ ਹੋ ਗਿਆ ਹੈ) ਲੋਕ ! ਲੋਕ ! ਲੋਕ ! ੋਕਾਂ ਤੋਂ ਹਥਿਆਰ ਖੋਹ ਲਏ ਗਏ ਹਨ। ਉਨ੍ਹਾਂ ਕੋਲ ਹੁਣ ਕੀ ਹੈ ? ਲੋਕਾਂ ਨੂੰ ਕੌਣ ਪੁੱਛਦਾ ਹੈ।

ਮੇਅਰ : ਖਿਮਾ ਕਰਨਾ, ਤੁਹਾਨੂੰ ਲੋਕਾਂ ਬਾਰੇ ਸਹੀ ਜਾਣਕਾਰੀ ਨਹੀਂ...

*(ਬਾਹਰੋਂ ਰੌਲੇ ਦੀ ਆਵਾਜ਼ ਆਉਂਦੀ ਹੈ, ਐਨੀ ਦੀ ਅਵਾਜ਼ – ਮੈਂ ਤਾਂ ਖੂਨ ਪੀ ਜਾਵਾਂਗੀ ਉਹਦਾ, ਜਿਹੜਾ ਮੇਰੇ ਵੱਲ ਇੰਝ ਘੂਰ ਕੇ ਦੇਖੇ। ਜਾਜ਼ਿਫ਼ ਹਫਿਆ ਹਫਿਆ ਆਉਂਦਾ ਹੈ।)*

ਜਾਜ਼ਿਫ : ਯੂਅਰ ਐਕਸੀਲੈਂਸੀ, ਐਨੀ ਨੇ ਸੈਨਿਕਾਂ ਉਤੇ ਉਬਲਦਾ ਉਬਲਦਾ ਪਾਣੀ ਵਗਾਹ ਮਾਰਿਆ ਹੈ। ਉਹ ਬਹੁਤ ਗੁੱਸੇ ਵਿਚ ਹੈ।

ਕਰਨਲ : (ਗੁੱਸੇ ਨਾਲ ਖੜਾ ਹੋ ਕੇ) ਮਿਸਟਰ ਮੇਅਰ, ਕੀ ਤੁਸੀਂ ਆਪਣੇ ਨੌਕਰਾਂ ਨੂੰ ਕਾਬੂ ਨਹੀਂ ਰੱਖ ਸਕਦੇ ?

ਮੇਅਰ : (ਵਿਸ਼ਵਾਸ ਵਾਲੀ ਮੁਸਕਾਨ ਨਾਲ) ਬਹੁਤ ਘੱਟ। ਜਦੋਂ ਉਹ ਖੁਸ਼ ਹੁੰਦੀ ਹੈ ਤਾਂ ਉਸ ਵਰਗਾ ਵਧੀਆ ਖਾਣਾ ਕੋਈ ਨਹੀਂ ਬਣਾ ਸਕਦਾ। ਪਰ ਜੇ ਕੋਈ ਉਸਨੂੰ ਤੰਗ ਕਰੇ ਤਾਂ ਉਹ ਸ਼ੇਰਨੀ ਵਾਂਗ ਬਿਫਰ ਜਾਂਦੀ ਹੈ। ਕਿਉਂ ਜਾਜ਼ਿਫ ਕੋਈ ਵਧੇਰੇ ਗੰਭੀਰ ਗੱਲ ਤਾਂ ਨਹੀਂ ?

ਜਾਜ਼ਿਫ : ਹਜ਼ੂਰ ਪਾਣੀ ਪੂਰੀ ਤਰ੍ਹਾਂ ਖੋਲ ਰਿਹਾ ਸੀ।

ਕਰਨਲ : ਯੂਅਰ ਐਕਸੀਲੈਂਸੀ, ਇਹ ਬਹੁਤ ਬੁਰੀ ਗੱਲ ਹੈ, ਅਸੀਂ ਤਾਂ ਅਮਨ ਤੇ ਸ਼ਾਂਤੀ ਦੇ ਇਛੁੱਕ ਹਾਂ, ਹਰ ਕੰਮ ਤੁਹਾਡੇ ਸਹਿਯੋਗ ਨਾਲ ਕਰਨਾ ਚਾਹੁੰਦੇ ਹਾਂ, ਤੁਹਾਨੂੰ ਆਪਣੀ ਇਸ ਨੌਕਰਾਨੀ ਨੂੰ ਕਾਬੂ ਵਿਚ ਰੱਖਣਾ ਪਵੇਗਾ।

ਮੇਅਰ : ਅਜਿਹਾ ਨਹੀਂ ਹੋ ਸਕਦਾ ਕਰਨਲ, ਉਹ ਸਾਡੀ ਨੌਕਰੀ ਛੱਡ ਜਾਵੇਗੀ।

ਕਰਨਲ : ਉਹ ਨੌਕਰੀ ਕਿਵੇਂ ਛੱਡ ਸਕਦੀ ਹੈ ?

ਵਿੰਟਰ : ਤਾਂ ਫੇਰ ਉਹ ਤੰਗ ਕਰਨ ਵਾਲਿਆਂ ਉਤੇ ਗਰਮ ਪਾਣੀ ਜ਼ਰੂਰੀ ਸੁੱਟੇਗੀ।

*(ਅਚਾਨਕ ਦਰਵਾਜ਼ਾ ਖੁੱਲਦਾ ਹੈ, ਸਾਰਜੰਟ ਅੰਦਰ ਆਉਂਦਾ ਹੈ।)*

ਸਾਰਜੰਟ : (ਕਰਨਲ ਨੂੰ ਸੈਲੂਟ ਮਾਰਦਾ ਹੈ) ਜਨਾਬ ਕੀ ਮੈਂ ਉਸ ਔਰਤ ਨੂੰ ਗ੍ਰਿਫ਼ਤਾਰ ਕਰ ਲਵਾਂ ?

ਕਰਨਲ : ਕੀ ਕਿਸੇ ਨੂੰ ਨੁਕਸਾਨ ਪਹੁੰਚਿਆ ਹੈ ?

ਸਰਜੰਟ : ਜੀ ਹਾਂ, ਕਈ ਸੈਨਿਕ ਝੁਲਸ ਗਏ ਹਨ ਅਤੇ ਇਕ ਨੂੰ ਤਾਂ ਉਸ ਨੇ ਦੰਦਾਂ ਨਾਲ ਕੱਟ ਖਾਧਾ ਹੈ, ਅਸੀਂ ਉਸਨੂੰ ਫੜਿਆ ਹੋਇਆ ਹੈ।

ਕਰਨਲ : (ਕੁਝ ਸੋਚ ਕੇ) ਉਹਨੂੰ ਛੱਡ ਦਿਓ, ਤੇ ਮਕਾਨ ਦੇ ਪਿਛਲੇ ਪਾਸਿਓਂ ਚਲੇ ਜਾਵੋ।

ਸਾਰਜੰਟ : ਜੀ ਜਨਾਬ।

ਕਰਨਲ : ਯੂਅਰ ਐਕਸੀਲੈਂਸੀ, ਮੈਂ ਉਹਦਾ ਬਹੁਤ ਲਿਹਾਜ਼ ਕੀਤਾ ਹੈ - ਜੇ ਮੈਂ ਚਾਹੁੰਦਾ ਤਾਂ ਉਸਨੂੰ ਗੋਲੀ ਨਾਲ ਉਡਾ ਸਕਦਾ ਸਾਂ ਜਾਂ ਜੇਲ੍ਹ ਵਿਚ ਸੁਟਵਾ ਸਕਦਾ ਸਾਂ।

ਮੇਅਰ : ਫੇਰ ਤਾਂ ਬੜੀ ਤਕਲੀਫ ਹੋਣੀ ਸੀ, ਸਾਡਾ ਖਾਣਾ ਕੌਣ ਪਕਾਉਂਦਾ ?

ਕਰਨਲ : ਵੇਖੋ, ਸਾਨੂੰ ਤੁਹਾਡੇ ਲੋਕਾਂ ਨਾਲ ਨਰਮੀ ਨਾਲ ਪੇਸ਼ ਆਉਣ ਦੀ ਹਦਾਇਤ ਹੈ - ਸਾਡੀ ਸਭ ਦੀ ਭਲਾਈ ਇਸ ਵਿਚ ਹੀ ਹੈ ਕਿ ਤੁਸੀਂ ਸਾਡੀ ਸਹਾਇਤਾ ਕਰੋ, ਯੂਅਰ ਐਕਸੀਲੈਂਸੀ, ਕੀ ਮੈਂ ਆਪ ਤੋਂ ਇਸਦੀ ਆਸ ਰੱਖਾਂ ?

ਮੇਅਰ : ਦੇਖੋ, ਕਰਨਲ ਸਾਹਿਬ, ਸਾਡਾ ਇਹ ਨਗਰ ਛੋਟਾ ਜਿਹਾ ਹੈ - ਮੈਨੂੰ ਕੁਝ ਪਤਾ ਨਹੀਂ ਕਿ ਲੋਕ ਇਸ ਘਟਨਾ ਨੂੰ ਕਿਵੇਂ ਲੈਣਗੇ ? ਅਸਲ ਗੱਲ ਤਾਂ ਇਹ ਹੈ ਕਿ ਮੈਂ ਆਪ ਹਾਲਾਂ ਤੱਕ ਉਲਝਣ ਵਿਚ ਹਾਂ।

ਕਰਨਲ : ਪਰ ਕੀ ਤੁਸੀਂ ਸਹਿਯੋਗ ਦਾ ਯਤਨ ਵੀ ਨਹੀਂ ਕਰੋਗੇ ?

ਮੇਅਰ : ਮੈਂ ਕੁਝ ਨਹੀਂ ਕਹਿ ਸਕਦਾ। ਨਗਰ ਦੇ ਲੋਕ ਆਜ਼ਾਦ ਹਨ। ਉਹ ਉਹੋ ਕੁਝ ਕਰਨਗੇ ਜੋ ਉਨ੍ਹਾਂ ਨੂੰ ਚੰਗਾ ਲੱਗੇਗਾ। ਸ਼ਾਇਦ ਮੈਂ ਵੀ ਉਹੋ ਕੁਝ ਕਰਾਂ।

ਕਰਨਲ : ਪਰ ਸਰਕਾਰ ਦੀ ਵਾਂਗ ਡੋਰ ਤਾਂ ਤੁਹਾਡੇ ਹੱਥ ਵਿਚ ਹੈ।

ਮੇਅਰ : (ਮੁਸਕਰਾਉਂਦਾ ਹੈ) ਕਰਨਲ ਤੁਹਾਨੂੰ ਵਿਸ਼ਵਾਸ ਤਾਂ ਨਹੀਂ ਆਵੇਗਾ, ਪਰ ਸਚਾਈ ਇਹ ਹੈ ਕਿ ਸਰਕਾਰ ਦੀ ਵਾਂਗਡੋਰ ਨਗਰ ਦੇ ਲੋਕਾਂ ਦੇ ਹੱਥ ਵਿਚ ਹੈ। ਕਿਵੇਂ ਤੇ ਕਿਉਂ ? ਇਹਦਾ ਤਾਂ ਮੈਨੂੰ ਪਤਾ ਨਹੀਂ। ਪਰ ਹਕੀਕਤ ਇਹੋ ਹੈ। ਇਹੋ ਕਾਰਨ ਹੈ ਕਿ ਅਸੀਂ ਉਤਨੀ ਤੇਜ਼ੀ ਨਾਲ ਕੰਮ ਨਹੀਂ ਕਰ ਸਕਦੇ ਜਿਤਨੀ ਨਾਲ ਤੁਸੀਂ ਕਰ ਲੈਂਦੇ ਹੋ। ਪਰ ਇਕ ਵਾਰ ਜਦੋਂ ਕਿਸੇ ਗੱਲ ਦਾ ਨਿਰਣੈ ਹੋ ਜਾਂਦਾ ਹੈ ਤਾਂ ਅਸੀਂ ਸਾਰੇ ਮਿਲ ਕੇ ਕੰਮ ਕਰਦੇ ਹਾਂ ਪਰ ਹਾਲੇ ਮੈਨੂੰ ਕੁਝ ਪਤਾ ਨਹੀਂ।

ਕਰਨਲ : (ਹੁਣ ਜੋ ਥੱਕ ਕੇ ਚੂਰ ਹੋ ਗਿਆ ਹੈ ਤੇ ਗੱਲ ਨੂੰ ਮੁਕਾਉਣ ਦੇ ਰੌ ਵਿਚ ਹੈ) ਮੈਂ ਆਸ ਕਰਦਾ ਹਾਂ ਕਿ ਅਸੀਂ ਲੋਕ ਰਲ ਕੇ ਕੰਮ ਕਰਾਂਗੇ। ਇਸ ਵਿਚ ਹੀ ਸਭ ਦਾ ਭਲਾ ਹੈ। ਇਹੋ ਹੀ ਸਿਆਣਪ ਦਾ ਰਾਹ ਹੈ... ਕੀ ਮੈਂ ਤੁਹਾਡੇ ਉਤੇ ਭਰੋਸਾ ਕਰ ਸਕਦਾਂ ? ਅਸਲ ਵਿਚ ਸ਼ਾਸਨ ਕਾਇਮ ਰੱਖਣ ਲਈ ਸੈਨਿਕ ਢੰਗ ਇਖਤਿਆਰ ਕਰਨ ਤੋਂ ਮੈਂ ਝਿਜਕਦਾ ਹਾਂ... (ਮੇਅਰ ਵੱਲ ਦੇਖ ਕੇ) ਮੈਂ ਆਸ ਕਰਦਾ ਹਾਂ ਕਿ ਅਸੀਂ ਤੁਹਾਡੇ ਤੇ ਭਰੋਸਾ ਕਰ ਸਕਦੇ ਹਾਂ।

ਮੇਅਰ : ਹਾਲੀ ਕੁਝ ਨਹੀਂ ਕਿਹਾ ਜਾ ਸਕਦਾ। ਬਾਕੀ ਤੁਹਾਡੇ ਠਹਿਰਣ ਦਾ ਇੰਤਜ਼ਾਮ ਹੋ ਜਾਏਗਾ।

ਕਰਨਲ : ਸ਼ੁਕਰੀਆ, ਯੂਅਰ ਐਕਸੀਲੈਂਸੀ...

ਮੇਅਰ : ਭਾਵੇਂ ਮੈਂ ਦਾਅਵੇ ਨਾਲ ਨਹੀਂ ਕਹਿ ਸਕਦਾ ਕਿ ਐਨੀ ਤੁਹਾਡੇ ਲਈ ਖਾਣਾ ਤਿਆਰ ਕਰੇ ਜਾਂ ਨਾ ਕਰੇ... ਕਰਨਲ ਲੋਕਾਂ ਨੂੰ ਤਾਕਤ ਦੇ ਜ਼ੋਰ ਨਾਲ ਝੁਕਾਇਆ ਜਾ ਸਕਦਾ ਹੈ, ਉਨ੍ਹਾਂ ਤੇ ਜ਼ਬਰਦਸਤੀ ਕੀਤੀ ਜਾ ਸਕਦੀ ਹੈ ਜਾਂ ਇਹ ਭਰਮ ਪਾਲਿਆ ਜਾ ਸਕਦਾ ਹੈ ਕਿ ਤੁਸੀਂ ਉਨ੍ਹਾਂ ਨੂੰ ਹਰਾ ਲਿਆ ਹੈ, ਪਰ ਹਕੀਕਤ ਇਹ ਹੈ ਕਿ ਉਹ ਹਾਰਦੇ ਨਹੀਂ... (ਕਰਨਲ ਜਾਂਦਾ ਹੈ - ਬੋਲਦਾ ਨਹੀਂ ਪਰ ਉਹਦਾ ਐਕਸਪਰੈਸ਼ਨ ਦਸਦਾ ਹੈ ਕਿ ਦੇਖ ਲਵਾਂਗੇ।) ਕਿਉਂ ਡਾਕਟਰ ?

ਵਿੰਟਰ : ਇਤਿਹਾਸ ਦੇ ਵਰਕੇ ਵੀ ਇਹੋ ਕਹਿੰਦੇ ਹਨ।

*(ਫੇਡ ਆਊਟ)*

## ਐਕਟ-2

ਪਾਤਰ : ਕਰਨਲ ਲਾਂਸਰ, ਮੇਜ਼ਰ ਹੰਟਰ, ਕਪਤਾਨ ਬੈਟਿੰਕ ਲੇਫਟੀਨੈਂਟ ਪ੍ਰੈਕਲ, ਕੈਪਟਨ ਲਾਫਟ, ਲੈਫਟੀਨੈਂਟ ਟੰਡਰ ਤੇ ਕੋਰਿਲ।

ਸਥਾਨ : ਮੇਅਰ ਦੇ ਘਰ ਦਾ ਗੈਸਟ ਹਾਊਸ ਹੈ, ਹੁਣ ਉਥੇ ਕਰਨਲ ਲਾਸਰ ਅਤੇ ਉਹਦੇ ਮਾਹਿਰਾਂ ਦਾ ਡੇਰਾ ਹੈ, ਰੋਸ਼ਨੀ ਹੋਣ ਤੇ ਮੇਜ਼ਰ ਹੰਟਰ ਇਕ ਮੇਜ਼ 'ਤੇ ਵੱਡਾ ਸਾਰਾ ਚਾਰਟ ਪੇਪਰ ਵਿਛਾ ਕੇ ਇਕ ਨਕਸ਼ਾ ਬਣਾ ਰਿਹਾ ਹੈ, ਫੇਰ ਇਸ ਤਰ੍ਹਾਂ ਐਕਟਿੰਗ ਕਰਦਾ ਹੈ, ਜਿਸ ਤਰ੍ਹਾਂ ਕੋਈ ਚੀਜ਼ ਲੱਭ ਰਿਹਾ ਹੈ, ਫੇਰ ਪਿਛੇ ਮੁੜ ਕੇ ਅਵਾਜ਼ ਦੇਂਦਾ ਹੈ।

ਹੰਟਰ : ਪੈਕਲ...

ਪੈਕਲ : (ਅੰਦਰੋਂ ਹੀ ਅਵਾਜ਼) ਯੈਸ ਮੇਜ਼ਰ...

ਹੰਟਰ : ਮੇਰਾ ਉਹ ਰੰਗ ਦਾ ਡੱਬਾ ਲੈ ਆ...

ਪੈਕਲ : (ਅੰਦਰ ਆਉਂਦਾ ਹੈ, ਉਸਦੇ ਚਿਹਰੇ ਤੇ ਸ਼ੇਵ ਵਾਲਾ ਸਾਬਣ ਲਗਿਆ ਹੈ) ਜਨਾਬ, ਮੈਂ ਤਾਂ ਕਿਧਰੇ ਨਹੀਂ ਰੱਖਿਆ...

ਹੰਟਰ : ਸੋਰੀ, ਮੈਨੂੰ ਨਹੀਂ ਸੀ ਪਤਾ ਕਿ ਤੂੰ ਸ਼ੇਵ ਕਰ ਰਿਹਾ ਸੀ - ਖੈਰ ਮੈਂ ਆਪ ਦੇਖਦਾ ਹਾਂ। ਉਹ ਉਸ ਬਾਕਸ ਵਿਚ ਹੋਣਾ ਹੈ, ਜਿਹੜਾ ਪਿਛੇ ਸਾਮਾਨ ਨਾਲ ਆਇਆ ਸੀ।

ਪੈਕਲ : ਠੀਕ ਹੈ ਸਰ ਮੈਂ ਹੁਣੇ ਲੈ ਕੇ ਆਉਂਦਾ ਹਾਂ...

ਲਾਫਟ : ਮੇਜਰ ਹੰਟਰ, ਤੁਹਾਨੂੰ ਪਤੈ, ਬੈਟੰਕ ਦਾ ਦਿਮਾਗ ਖਰਾਬ ਹੋ ਗਿਆ ਹੈ। ਉਹ ਅੱਜ ਹੈਲਮਟ ਦੇ ਬਿਨਾਂ ਹੀ ਆਪਣੀ ਡਿਊਟੀ ਵਾਲੀ ਥਾਂ ਜਾ ਰਿਹਾ ਸੀ।

ਹੰਟਰ : ਹਾਂ, ਉਸਨੂੰ ਹੈਲਮਟ ਬਿਨਾਂ ਨਹੀਂ ਜਾਣਾ ਚਾਹੀਦਾ... ਪਰ ਚੀਜ਼ਾਂ ਤੂੰ ਇਥੇ ਨਾ ਰੱਖ। ਮੈਂ ਇਥੇ ਕੰਮ ਪਿਆ ਕਰਦਾ ਹਾਂ... ਉਂਝ ਭਲਾ ਬੈਟਿੰਕ ਹੈਲਮਟ ਨਾ ਪਾਣਾ ਚਾਹੇ ਤਾਂ ਕਿਉਂ ਪਾਏ? ਇਸ ਵਿਚ ਕੀ ਹਰਜ਼ ਹੈ? ਮੈਂ ਤਾਂ ਆਪ ਇਸ ਲੋਹ ਟੋਪ ਤੋਂ ਤੰਗ ਆ ਗਿਆ ਹਾਂ ਪਰ ਤੂੰ ਕਿਉਂ ਭੁੱਲ ਜਾਂਦਾ ਏ ਕਿ ਇਹ ਟੋਪ ਬੜਾ ਭਾਰਾ ਹੁੰਦਾ ਏ।

ਲਾਫਟ : ਪਰ ਇਹ ਨਾ ਪਾਉਣਾ ਵੀ ਸਰਾਸਰ ਗਲਤੀ ਏ। ਇਥੋਂ ਦੇ ਲੋਕਾਂ ਉਤੇ ਇਸਦਾ ਬੜਾ ਭੈੜਾ ਅਸਰ ਪਵੇਗਾ। ਸਾਨੂੰ ਸੈਨਿਕ ਤੌਰ ਤਰੀਕਿਆਂ ਨੂੰ ਨਹੀਂ ਭੁੱਲਣਾ ਚਾਹੀਦਾ। ਨਹੀਂ ਤਾਂ ਅਸੀਂ ਆਪ ਖਤਰਾ ਸਹੇੜ ਰਹੇ ਹੋਵਾਂਗੇ।

ਹੰਟਰ : ਤੂੰ ਇਸ ਤਰ੍ਹਾਂ ਕਿਉਂ ਸੋਚ ਰਿਹੈਂ?

ਲਾਫਟ : ਮੇਜਰ ਇਹ ਮੈਂ ਨਹੀਂ ਸੋਚ ਰਿਹੈ, ਮੈਂ ਤਾਂ ਮੈਨੂਅਲ ਐਕਟ - ਬਾਰ੍ਹਾਂ ਵਿਚ ਪਰਾਜਿਤ ਹੋਏ ਦੇਸ਼ਾਂ ਨੂੰ ਜਾਣ ਵਾਲੇ ਸੈਨਿਕਾਂ ਲਈ ਦਰਜ਼ ਹਦਾਇਤਾਂ ਦੀ ਵਿਖਾਖਿਆ ਕਰ ਰਿਹਾ ਹਾਂ। ਇਹ ਹਦਾਇਤਾਂ ਬੜੀ ਸੋਚ ਵਿਚਾਰ ਤੋਂ ਪਿਛੋਂ ਬਣਾਈਆਂ ਗਈਆਂ ਹਨ। ਹਰ ਆਦਮੀ ਨੂੰ ਇਹ ਹਦਾਇਤ ਧਿਆਨ ਨਾਲ ਪੜ੍ਹਨੀ ਚਾਹੀਦੀਆਂ ਨੇ।

ਹੰਟਰ : ਹੁਣ ਇਹ ਕੀ ਪਤਾ ਹੈ ਕਿ ਜਿਸ ਆਦਮੀ ਨੇ ਇਹ ਹਦਾਇਤਾਂ ਬਣਾਈਆਂ ਹਨ, ਉਹ ਆਪ ਵੀ ਕਦੀ ਕਿਸੇ ਪਰਾਜਿਤ ਦੇਸ਼ ਵਿਚ ਰਿਹਾ ਹੈ ਜਾਂ ਨਹੀਂ? ਖੈਰ ਕੁਝ ਵੀ ਹੋਵੇ ਇਥੋਂ ਦੇ ਲੋਕ ਹਨ ਬੜੇ ਸ਼ਰੀਫ, ਭੋਲੇ-ਭਾਲੇ ਬੜੇ ਆਗਿਆਕਾਰ। ਇਨ੍ਹਾਂ ਤੋਂ ਡਰਨ ਦੀ ਲੋੜ ਨਹੀਂ...

*(ਪ੍ਰੋਕਿਲ ਇਕ ਵੱਡਾ ਡੱਬਾ ਲੈ ਕੇ ਦਾਖ਼ਲ ਹੁੰਦਾ ਹੈ, ਲਫਟੈਨ ਟੇਡਰ ਉਹਦੇ ਪਿਛੇ-ਪਿਛੇ ਹੈ।)*

ਪ੍ਰੋਕਿਲ : ਮੇਜਰ, ਤੁਹਾਨੂੰ ਇਸੇ ਡੱਬੇ ਦੀ ਲੋੜ ਸੀ।

ਹੰਟਰ : ਹਾਂ ਰੱਖ ਦੇ।

ਲਾਫਟ : ਪ੍ਰੋਕਿਲ ਤੈਨੂੰ ਪਤਾ ਏ ਕਿ ਤੇਰੇ ਮੂੰਹ ਉਤੇ ਸਾਬਣ ਲੱਗਾ ਹੋਇਐ।

ਪ੍ਰੋਕਿਲ : ਜੀ ਹਾਂ, ਜਦੋਂ ਮੇਜਰ ਹੰਟਰ ਨੇ ਅਵਾਜ਼ ਦਿੱਤੀ ਤਾਂ ਉਸ ਵੇਲੇ ਸ਼ੇਵ ਕਰ ਰਿਹਾ ਸਾਂ।

ਲਾਫਟ : ਖੈਰ ਲਫਟੈਨ ਪ੍ਰੋਕਿਲ, ਹੁਣ ਇਸ ਨੂੰ ਸਾਫ਼ ਕਰ ਲੈ - ਕਿਤੇ ਕਰਨਲ ਸਾਹਿਬ ਤੈਨੂੰ ਇਸ ਹਾਲਤ ਵਿਚ ਨਾ ਦੇਖ ਲੈਣ।

ਪ੍ਰੋਕਿਲ : ਉਹ... ਉਹ ਕੁਝ ਨਹੀਂ ਕਹਿੰਦੇ, ਉਨ੍ਹਾਂ ਨੂੰ ਇਹੋ ਜਿਹੀਆਂ ਗੱਲਾਂ ਦੀ ਪ੍ਰਵਾਹ ਨਹੀਂ।

ਲਾਫਟ : ਖੈਰ ਉਹ ਕੁਝ ਆਖਣ ਜਾਂ ਨਾ ਆਖਣ ਪਰ ਇਹ ਚੰਗਾ ਨਹੀਂ ਲਗਦਾ (ਪ੍ਰੋਕਿਲ ਰੁਮਾਲ ਨਾਲ ਮੂੰਹ ਪੂੰਝਦਾ ਹੈ।)

ਲਾਫਟ : ਬਾਈ ਦੀ ਵੇ, ਤੂੰ ਸ਼ੇਵ ਦਿਨ ਵਿਚ ਦੋ ਵਾਰੀ ਕਿਉਂ ਕਰਦਾ ਏਂ... ਮੈਂ ਇਹ ਸਮਝ ਲਵਾਂ ਕਿ ਤੂੰ ਇਥੋਂ ਦੇ ਲੋਕਾਂ ਵਿਚ ਖਾਸ ਕਰਕੇ ਇਥੋਂ ਦੀਆਂ ਕੁੜੀਆਂ ਦੀ ਨਜ਼ਰ ਵਿਚ ਸੋਹਣਾ ਤੇ ਸਮਾਰਟ ਲਗਣਾ ਚਾਹੁੰਦਾ ਏਂ...

ਹੰਟਰ : (ਨਕਸ਼ੇ ਤੋਂ ਆਪਣੀਆਂ ਨਜ਼ਰਾਂ ਚੁਕਦਿਆਂ) ਹਰ ਨੌਜਵਾਨ ਸੋਹਣਾ ਤੇ ਸਮਾਰਟ ਲਗਣਾ ਚਾਹੁੰਦਾ ਏ – ਇਹ ਕੁਦਰਤੀ ਗੱਲ ਏ... ਨਾਲੇ ਇਸ ਨਗਰ ਦੀਆਂ ਕੁੜੀਆਂ ਬੜੀਆਂ ਸੋਹਣੀਆਂ ਨੇ...

ਪ੍ਰੋਕਿਲ : ਹਾਂ ਮੇਜਰ ਇਸ ਵਿਚ ਕੀ ਸ਼ੱਕ ਏ, ਇਹ ਬੜੀਆਂ ਸੋਹਣੀਆਂ ਨੇ... ਬਸ ਜ਼ਰਾ ਟਿਕ ਟਿਕਾ ਹੋ ਜਾਵੇ, ਫੇਰ ਮੈਂ ਇਕ ਦੋਹਾਂ ਨਾਲ ਦੋਸਤੀ ਪਾਵਾਂਗਾ।

ਲਾਫਟ : ਪਰ, ਮੈਨੂਅਲ ਐਕਟ ਬਾਰਾਂ, ਇਸ ਗੱਲ ਦੇ ਖਿਲਾਫ਼ ਹੈ। ਉਸ ਵਿਚ ਸਾਫ਼ ਦਰਜ ਹੈ ਕਿ ਪਰਾਜਿਤ ਹੋਏ ਦੇਸ਼ ਦੀਆਂ ਕੁੜੀਆਂ ਨਾਲ ਸਬੰਧ ਬਣਾਉਣਾ ਖਤਰੇ ਤੋਂ ਖਾਲੀ ਹੈ।

ਹੰਟਰ : ਮੈਨੂਅਲ ਲਿਖਣ ਵਾਲਾ ਜ਼ਰੂਰ ਮਨੁੱਖੀ ਜਜ਼ਬਿਆਂ ਤੋਂ ਅਣਜਾਣ ਹੋਣਾ ਹੈ। ਉਹਨੇ ਕਿਸੇ ਸੋਹਣੀ ਕੁੜੀ ਦਾ ਚੁੰਮਣ ਨਹੀਂ ਲਿਆ ਹੋਣਾ...

*(ਲਾਫਟ ਇਸ ਟਿਪਣੀ ਤੋਂ ਨਰਾਜ਼ ਹੈ ਪਰ ਪ੍ਰੋਕਿਲ ਮੁਸਕਰਾਉਂਦਾ ਹੈ, ਜਦੋਂ ਕਰਨਲ ਲਾਂਸਰ ਦਾਖ਼ਲ ਹੁੰਦਾ ਹੈ। ਸਾਰੇ ਉੱਠ ਕੇ ਉਸਨੂੰ ਸਲੂਟ ਕਰਦੇ ਹਨ। ਉਹ ਆਪਣਾ ਵੱਡਾ ਕੋਟ ਉਤਾਰਦਾ ਹੈ। ਫਿਰ ਕਿੱਲੀ 'ਤੇ ਟੰਗਦਾ ਹੈ ਤੇ ਫੇਰ ਲਾਫਟ ਨੂੰ ਕਹਿੰਦਾ ਹੈ।)*

ਲਾਂਸਰ : ਕੈਪਟਨ ਲਾਫਟ, ਤੂੰ ਜਾ ਕੇ ਬੈਟਿੰਕ ਤੋਂ ਡਿਊਟੀ ਸੰਭਾਲ ਲੈ, ਉਸਦੀ ਤਬੀਅਤ ਠੀਕ ਨਹੀਂ – ਉਸਨੂੰ ਚੱਕਰ ਆ ਰਹੇ ਨੇ...

ਲਾਫਟ : ਜੀ ਜਨਾਬ, ਉਂਝ ਮੈਂ ਡਿਊਟੀ ਕਰਕੇ ਹਾਲੀ ਵਾਪਸ ਮੁੜਿਆ ਹੀ ਹਾਂ।

ਲਾਂਸਰ : (ਰੁਅਬ ਵਾਲੇ ਅੰਦਾਜ਼ ਵਿਚ) ਮੈਨੂੰ ਆਸ ਹੈ ਤੈਨੂੰ ਜਾਣ ਵਿਚ ਕੋਈ ਇਤਰਾਜ਼ ਨਹੀਂ।

ਲਾਫਟ : ਬਿਲਕੁਲ ਨਹੀਂ ਸਾਹਿਬ, ਮੈਂ ਤਾਂ ਉਂਝ ਹੀ ਗੱਲ ਕੀਤੀ ਸੀ, ਤੁਹਾਡੀ ਜਾਣਕਾਰੀ ਲਈ।

ਲਾਂਸਰ : ਗੁੱਡ, (ਚੰਗੀ ਰੌ ਵਿਚ) ਤੂੰ ਚਾਹੁੰਦਾ ਏ ਕਿ ਰਿਪੋਰਟ ਵਿਚ ਤੇਰਾ ਜ਼ਿਕਰ ਵਿਸ਼ੇਸ਼ ਕਰਕੇ ਹੋਵੇ। (ਉਸਦੇ ਮੋਢੇ 'ਤੇ ਥਾਪੀ ਦੇ ਕੇ) ਹੈ ਨਾ ?

ਲਾਫਟ : ਅਜਿਹੀ ਇੱਛਾ ਕਰਨਾ ਇਕ ਸਿਪਾਹੀ ਲਈ ਕੁਦਰਤੀ ਗੱਲ ਹੈ।

ਲਾਂਸਰ : ਤੇ ਫੇਰ ਜਦੋਂ ਇਸ ਤਰ੍ਹਾਂ ਦੀਆਂ ਰਿਪੋਰਟਾਂ ਇਕੱਠੀਆਂ ਹੋ ਜਾਣਗੀਆਂ ਤਾਂ ਕਿਸੇ ਦਿਨ ਤੇਰੀ ਛਾਤੀ 'ਤੇ ਇਕ ਹੋਰ ਤਮਗਾ ਲਟਕ ਜਾਏਗਾ।

ਲਾਫਟ : ਇਹ ਤਮਗੇ ਹੀ ਸੈਨਿਕ ਜ਼ਿੰਦਗੀ ਵਿਚ ਜ਼ਿੰਦਗੀ ਭਰਦੇ ਹਨ, ਸਾਹਿਬ।

ਲਾਂਸਰ : ਹਾਂ... ਸ਼ਾਇਦ ਭਰਦੇ ਹੋਣਗੇ, ਪਰ ਕਪਤਾਨ, ਇਹ ਰੰਗ ਅਜਿਹੇ ਨਹੀਂ ਹੁੰਦੇ ਜਿਨ੍ਹਾਂ ਉਤੇ ਤੁਸੀਂ ਸਦਾ ਮਾਣ ਕਰ ਸਕੋ, ਅੱਛਾ ਹੁਣ ਤੂੰ ਜਾ।

*(ਲਾਫਟ ਜਾਂਦਾ ਹੈ।)*

ਹੰਟਰ : (ਆਪਣੇ ਬੋਰਡ ਤੋਂ ਸਿਰ ਚੁੱਕਦਾ) ਕਪਤਾਨ ਲਾਫਟ ਇਕ ਆਪਣੀ ਕਿਸਮ ਦਾ ਹੀ ਫ਼ੌਜੀ ਅਫ਼ਸਰ ਹੈ। ਮੈਨੂਅਲ ਅਨੁਸਾਰ ਚੱਲਣ ਵਾਲਾ ਫ਼ੌਜੀ।

ਲਾਂਸਰ : ਇਹ ਉਸੇ ਤਰ੍ਹਾਂ ਦਾ ਜਮਾਂਦਰੂ ਸੈਨਿਕ ਹੈ, ਜਿਸ ਤਰ੍ਹਾਂ ਕਈ ਲੋਕ ਜਮਾਂਦਰੂ ਸਿਆਸਤਦਾਨ ਹੁੰਦੇ ਹਨ, ਤੂੰ ਵੇਖ ਲਵੀਂ ਇਹ ਥੋੜੇ ਚਿਰ ਵਿਚ ਹੀ ਜਨਰਲ ਸਟਾਫ਼ ਵਿਚ ਪਹੁੰਚ ਜਾਵੇਗਾ ਤੇ ਫੇਰ ਉਹ ਯੁੱਧ ਨੂੰ ਸੈਨਾ ਅਧਿਕਾਰੀਆਂ ਵਾਂਗ ਦੇਖਿਆ ਕਰੇਗਾ, ਇਕ ਵੱਡੀ ਸਿਆਸਤ ਦਾ ਇਕ ਹਿੱਸਾ, ਜਵਾਨ ਕਿੰਨੇ ਮਰਦੇ ਨੇ, ਕਿੰਨੇ ਘਾਇਲ ਹੁੰਦੇ ਹਨ, ਇਹਦਾ ਫਿਕਰ ਨਹੀਂ ਰਹੇਗਾ।

ਪ੍ਰੋਕਿਲ : (ਜਿਹੜਾ ਪਰ੍ਹੇ ਖੜਾ ਹੈ, ਨੇੜੇ ਆਉਂਦਾ ਹੈ) ਜਨਾਬ, ਇਹ ਲੜਾਈ ਕਦੋਂ ਖਤਮ ਹੋਵੇਗੀ ?

ਕਰਨਲ : ਲੜਾਈ ਤੇ ਖਤਮ ? ਮੈਂ ਤੇਰਾ ਮਤਲਬ ਨਹੀਂ ਸਮਝਿਆ।

ਪ੍ਰੋਕਿਲ : ਮੇਰਾ ਮਤਲਬ ਹੈ ਜਨਾਬ, ਅਸੀਂ ਕਦੋਂ ਤੱਕ ਵਿਜੈਈ ਹੋਵਾਂਗੇ ?

ਕਰਨਲ : ਕੀ ਦੱਸਾਂ ? ਪ੍ਰੋਕਿਲ, ਵੈਰੀਆਂ ਦਾ ਖਾਤਮਾ ਤਾਂ ਹੋਇਆ ਨਹੀਂ।

ਪ੍ਰੋਕਿਲ : ਪਰ ਅਸੀਂ ਇਨ੍ਹਾਂ ਨੂੰ ਤਕਰੀਬਨ ਤਕਰੀਬਨ ਖਤਮ ਕਰ ਲਿਆ ਹੈ।

ਕਰਨਲ : ਸੱਚ!

ਪ੍ਰੋਕਿਲ : ਕਿਉਂ ਜਨਾਬ, ਇਹ ਠੀਕ ਨਹੀਂ?

ਕਰਨਲ : ਹਾਂ, ਹਾਂ... ਅਸੀਂ ਤਾਂ ਦੁਸ਼ਮਣਾਂ ਨੂੰ ਹਮੇਸ਼ਾਂ ਲੱਕ ਤੋੜਵੀਂ ਹਾਰ ਦਿੰਦੇ ਰਹੇ ਹਾਂ, ਪਰ ਤੂੰ ਕੋਈ ਖਾਸ ਗੱਲ ਕਹਿਣਾ ਚਾਹੁੰਦਾ ਏ?

ਪ੍ਰੋਕਿਲ : ਜਨਾਬ, ਜੇ ਕ੍ਰਿਸਮਿਸ ਤੱਕ ਸਾਰਾ ਮਾਮਲਾ ਨਜਿੱਠਿਆ ਗਿਆ ਤਾਂ ਤੁਹਾਡੇ ਖਿਆਲ ਵਿਚ ਸਾਨੂੰ ਘਰ ਜਾਣ ਲਈ ਛੁੱਟੀ ਮਿਲ ਜਾਵੇਗੀ?

ਲਾਂਸਰ : ਮੈਨੂੰ ਪਤਾ ਨਹੀਂ, ਇਸ ਕਿਸਮ ਦੇ ਫ਼ੈਸਲੇ ਉਤੇ ਸਰਕਾਰ ਵਾਲੇ ਲੈਂਦੇ ਹਨ।

*(ਦਰਵਾਜ਼ੇ 'ਤੇ ਦਸਤਕ ਹੁੰਦੀ ਹੈ, ਸਰਜੰਟ ਅੰਦਰ ਝਾਕਦਾ ਹੈ।)*

ਸਾਰਜੰਟ : ਮਿਸਟਰ ਕੈਰਿਲ, ਤੁਹਾਨੂੰ ਮਿਲਣਾ ਚਾਹੁੰਦੇ ਹਨ।

ਲਾਂਸਰ : ਉਸਨੂੰ ਅੰਦਰ ਭੇਜ ਦਿਓ। (ਫੇਰ ਆਪਣੇ ਸਾਥੀਆਂ ਨੂੰ) ਇਹ ਹੈ, ਉਹ ਆਦਮੀ, ਜਿਸ ਨੇ ਸਾਡੇ ਇਥੇ ਆਉਣ ਦਾ ਰਾਹ ਸਾਫ਼ ਕੀਤਾ। ਸ਼ਾਇਦ ਹੁਣ, ਇਹ ਸਾਨੂੰ ਤੰਗ ਕਰੇਗਾ।

ਹੰਟਰ : ਕੀ ਇਹਨੇ ਆਪਣਾ ਕੰਮ ਬੜੀ ਯੋਗਤਾ ਨਾਲ ਨਹੀਂ ਕੀਤਾ?

ਲਾਂਸਰ : ਕੀਤਾ ਹੈ, ਇਸੇ ਲਈ ਇਹ ਹੁਣ ਇਥੋਂ ਦੇ ਲੋਕਾਂ ਵਿਚ ਆਪਣੀ ਸ਼ਾਖ ਕਾਇਮ ਨਹੀਂ ਰੱਖ ਸਕਦਾ, ਤੇ ਇਹ ਵੀ ਕੀ ਪਤੈ ਕਿ ਖ਼ੁਦ ਅਸੀਂ ਵੀ ਹੁਣ ਇਸ ਨੂੰ ਧਿਤਕਾਰ ਦੇਈਏ... ਤੁਸੀਂ ਦੇਖਣਾ ਇਹ ਆਪਣਾ ਇਨਾਮ ਜ਼ਰੂਰ ਮੰਗੇਗਾ।

*(ਕੋਰਿਲ ਅੰਦਰ ਆਉਂਦਾ ਹੈ, ਉਹਦੇ ਸਿਰ 'ਤੇ ਪੱਟੀ ਬੰਨ੍ਹੀ ਹੋਈ ਹੈ।)*

ਕੋਰਿਲ : ਮੇਰੀ ਆਦਾਬ ਕਬੂਲ ਕਰਨੀ... ਅਸਲ ਵਿਚ ਮੈਨੂੰ ਪਹਿਲੇ ਹੀ ਹਾਜ਼ਰ ਹੋਣਾ ਚਾਹੀਦਾ ਸੀ ਪਰ ਮੈਨੂੰ ਪਤਾ ਸੀ ਕਿ ਤੁਸੀਂ ਹੋਰ ਸਾਰੇ ਪ੍ਰਬੰਧ ਵਿਚ ਬੜੇ ਰੁੱਝੇ ਹੋਵੋਗੇ। (ਇਧਰ ਉਧਰ ਵੇਖਦਾ ਹੈ।)

ਲਾਂਸਰ : ਇਹ ਮੇਰਾ ਸਟਾਫ਼ ਹੈ, ਮਿਸਟਰ ਕੋਰਿਲ।

ਕੋਰਿਲ : ਕਿਆ ਬਾਂਕੇ ਜਵਾਨ ਨੇ ਇਹ ਸਾਰੇ, ਕਿੰਨੀ ਫੁਰਤੀ ਨਾਲ ਇਨ੍ਹਾਂ ਇਹ ਮੁਹਿੰਮ ਸਰ ਕੀਤੀ ਹੈ, ਮੈਂ ਵੀ ਜਿਥੋਂ ਤੱਕ ਹੋ ਸਕਿਆ ਪਹਿਾਂ ਹੀ ਇਨ੍ਹਾਂ ਲਈ ਰਾਹ ਪੱਧਰਾ ਕਰ ਰੱਖਿਆ ਸੀ। (ਹੰਟਰ ਬੋਰਡ 'ਤੇ ਕੰਮ ਕਰਦਾ ਹੈ।)

ਲਾਂਸਰ : ਤੁਸੀਂ ਵਾਕਈ ਬੜਾ ਸ਼ਾਨਦਾਰ ਕੰਮ ਕੀਤਾ ਹੈ, ਹਾਲਾਂਕਿ ਮੈਂ ਚਾਹੁੰਦਾ ਸੀ ਕਿ ਕਿਸੇ ਤਰ੍ਹਾਂ ਉਹ ਛੇ ਆਦਮੀ ਵੀ ਨਾ ਮਾਰੇ ਜਾਂਦੇ। ਕਿਤਨਾ ਚੰਗਾ ਹੁੰਦਾ ਜੇ ਕਿਤੇ ਉਹ ਵਾਪਸ ਹੀ ਨਾ ਆਏ ਹੁੰਦੇ...

ਕੋਰਿਲ : ਕਰਨਲ ਸਾਹਿਬ, ਇਤਨੇ ਵੱਡੇ ਨਗਲਈ ਜਿਸ ਵਿਚ ਕੋਲੇ ਦੀਆਂ ਖਾਨਾਂ ਵੀ ਹੋਣ ਛੇ ਆਦਮੀਆਂ ਦਾ ਮਾਰਿਆ ਜਾਣਾ ਕੋਈ ਵੱਡੀ ਗੱਲ ਨਹੀਂ (ਫੇਰ ਕੁਨਖੀਆ ਨਾਲ ਉਹਨੇ ਆਲੇ ਦੁਆਲੇ ਵੇਖਿਆ) ਕਰਨਲ ਸਾਹਿਬ, ਕੀ ਅਸੀਂ ਏਕਾਂਤ ਵਿਚ ਨਹੀਂ ਬੈਠ ਸਕਦੇ ?

ਲਾਂਸਰ : ਹਾਂ ਹਾਂ ਜਿਵੇਂ ਤੁਸੀਂ ਚਾਹੋ...

*(ਉਹ ਅਫ਼ਸਰਾਂ ਵੱਲ ਵੇਖਦਾ ਹੈ, ਉਹ ਆਪਣੇ ਕਮਰਿਆਂ ਵਿਚ ਚਲੇ ਜਾਂਦੇ ਹਨ। ਕੋਰਿਲ ਇਥ ਖਾਸ ਅੰਦਾਜ਼ ਵਿਚ ਬੈਠਦਾ ਹੈ, ਜਿਸ ਤਰ੍ਹਾਂ ਉਹ ਬੜਾ important ਬੰਦਾ ਹੋਵੇ।)*

ਕਰਿਲ : ਸ਼ੁਕਰੀਆ... ਕਰਨਲ ਸਾਹਿਬ।

ਲਾਂਸਰ : ਕੋਰਿਲ (ਉਹਦੇ ਸਿਰ ਤੇ ਬੰਨੀ ਪੱਟੀ ਵੱਲ ਵੇਖ ਕੇ) ਤਾਂ ਉਨ੍ਹਾਂ ਨੇ ਤੈਨੂੰ ਮਾਰ ਸੁੱਟਣ ਦੇ ਜਤਨ ਸ਼ੁਰੂ ਕਰ ਦਿੱਤੇ ਹਨ ? (ਕੋਰਿਲ ਦਾ ਰਉ ਬਦਲਦਾ ਹੈ।)

ਕੋਰਿਲ : ਇਹ ਤੁਸੀਂ ਕੀ ਕਹਿ ਰਹੇ ਹੋ ਕਰਨਲ ? ਇਹ ਤਾਂ ਅੱਜ ਸਵੇਰੇ ਪਹਾੜੀ ਤੋਂ ਰਿੜ੍ਹਦਾ ਆਉਂਦਾ ਇਕ ਪੱਥਰ ਮੇਰੇ ਸਿਰ ਵਿਚ ਆਣ ਵੱਜਾ ਸੀ।

ਲਾਂਸਰ : ਤੈਨੂੰ ਯਕੀਨ ਏ ਨਾ ਕਿ ਇਹ ਪੱਥਰ ਕਿਸੇ ਨੇ ਜਾਣ ਬੁਝ ਕੇ ਨਹੀਂ ਮਾਰਿਆ ?

ਕੋਰਿਲ : ਨਹੀਂ ਨਹੀਂ ਕਰਨਲ ਸਾਹਿਬ, ਇਹ ਲੋਕ ਅਜਿਹੇ ਨਹੀਂ, ਇਨ੍ਹਾਂ ਨੇ ਪਿਛਲੇ ਸੌ ਸਾਲ ਵਿਚ ਕੋਈ ਯੁੱਧ ਨਹੀਂ ਕੀਤਾ, ਇਨ੍ਹਾਂ ਨੂੰ ਤਾਂ ਲੜਣ ਦੀ ਜਾਚ ਹੀ ਭੁੱਲ ਗਈ ਹੈ, ਤੁਸੀਂ ਇਨ੍ਹਾਂ ਦੀ ਕੋਈ ਚਿੰਤਾ ਨਾ ਕਰੋ।

ਲਾਂਸਰ : ਖੈਰ, ਇਹ ਤਾਂ ਤੈਨੂੰ ਹੀ ਪਤਾ ਏ, ਤੂੰ ਕਾਫੀ ਚਿਰ ਇਨ੍ਹਾ ਨਾਲ ਰਹਿ ਚੁੱਕਿਆ ਏ – ਜੇ ਤੂੰ ਸੱਚਮੁੱਚ ਪੂਰੀ ਤਰ੍ਹਾਂ ਸੁਰੱਖਿਅਤ ਹੋ ਤਾਂ ਇਸ ਦਾ ਮਤਲਬ ਹੈ ਕਿ ਇਹ ਲੋਕ ਦੁਨੀਆਂ ਤੋਂ ਨਿਰਾਲੇ ਸਨ। ਮੈਂ ਇਸ ਤੋਂ ਪਹਿਲਾਂ ਹੀ ਪਰਾਜਿਤ ਲੋਕਾਂ ਵਿਚ ਰਹਿ ਚੁੱਕਿਆ ਹਾਂ... ਤੇ ਮੈਂ ਜਾਣਦਾ ਹਾਂ ਕਿ ਲੋਕ ਆਪਣੇ ਵਿਚੋਂ ਗਦਾਰਾਂ ਦੀ ਪਹਿਚਾਣ ਰੱਖਦੇ ਹਨ। ਮੇਰਾ ਖਿਆਲ ਏ ਕਿ ਤੈਨੂੰ ਰਾਜਧਾਨੀ ਵਾਪਸ ਜਾਣਾ ਚਾਹੀਦਾ ਹੈ, ਉਥੇ ਤੈਨੂੰ ਇਸ ਸੇਵਾ ਬਦਲੇ ਕੋਈ ਪਦਵੀ ਜ਼ਰੂਰ ਮਿਲ ਜਾਏਗੀ - ਤੈਨੂੰ ਅਸੀਂ ਕੋਲੇ ਵਾਲੇ ਜਹਾਜ਼ ਵਿਚ ਵੀ ਭੇਜ ਸਕਦੇ ਹਾਂ – ਜਾਂ ਜੰਗੀ ਬੇੜੇ ਵਿਚ ਵੀ ਤੂੰ ਜਾ ਸਕਦਾ ਏਂ।

ਕੋਰਿਲ : ਪਰ ਮੈਂ... ਮੈਂ ਤਾਂ ਕਿਤੇ ਨਹੀਂ ਜਾਣਾ ਚਾਹਵਾਂਗਾ, ਮੈਂ ਇਥੇ ਹੀ ਰਵਾਂਗਾ।

ਲਾਂਸਰ : (ਕੁਝ ਸੋਚ ਕੇ) ਪਰ ਤੈਨੂੰ ਪਤਾ ਏ ਕਿ ਮੇਰੇ ਕੋਲ ਇਤਨੇ ਸਿਪਾਹੀ ਨਹੀਂ ਹਨ ਕਿ ਮੈਂ ਤੇਰੀ ਸੁਰੱਖਿਆ ਦਾ ਪੂਰਨ ਪ੍ਰਬੰਧ ਕਰ ਸਕਾਂ।

ਕੋਰਿਲ : ਪਰ ਮੈਨੂੰ ਸੁਰੱਖਿਆ ਦੀ ਕੀ ਲੋੜ ਹੈ, ਕਰਨਲ ਸਾਹਿਬ ? ਮੈਂ ਤੁਹਾਨੂੰ ਕਿਵੇਂ ਯਕੀਨ ਦਿਵਾਵਾਂ ਕਿ ਇਥੋਂ ਦੇ ਲੋਕ ਸ਼ਰੀਫ ਲੋਕ ਹਨ, ਉਹ ਬਿਲਕੁਲ ਹੀ ਸ਼ਰਾਰਤੀ ਨਹੀਂ ਹਨ।

ਲਾਂਸਰ : (ਉਹਦੇ ਕੋਲ ਜਾ ਕੇ ਅਤੇ ਪੱਟੀ ਨੂੰ ਵੇਖ ਕੇ) ਚੰਗਾ ਹੋਵੇ ਜੇ ਤੂੰ ਹੈਲਮੇਟ ਪਾਵੇ... ਹਾਂ ਤੂੰ ਅੱਜ ਮੇਰੇ ਨਾਲ ਕੋਈ ਖਾਸ ਗੱਲ ਕਰਨੀ ਏ ?

ਕੋਰਿਲ : ਮੈਂ ਤੁਹਾਡੇ ਨਾਲ ਵਿਸ਼ੇਸ਼ ਤੌਰ 'ਤੇ ਇਹ ਗੱਲ ਕਰਨ ਆਇਆ ਕਿ ਮੈਂ ਤੁਹਾਡਾ ਇਸ ਨਗਰ ਦੇ ਪ੍ਰਬੰਧ ਵਿਚ ਹੱਥ ਵਟਾਉਣਾ ਚਾਹੁੰਦਾ ਹਾਂ... (ਲਾਂਸਰ ਉਹਦੇ ਵੱਲ ਸਵਾਲੀਆ ਨਜ਼ਰ ਨਾਲ ਵੇਖਦਾ ਹੈ) ਮੈਂ ਸੋਚਿਆ ਕਿ ਜੇ ਮੇਅਰ ਆਰਡਨ ਨੂੰ ਉਸਦੀ ਪਦਵੀ ਤੋਂ ਹਟਾ ਦਿੱਤਾ ਜਾਏ ਤਾਂ ਮੈਂ ਉਸਦੀ ਥਾਂ ਲੈ ਲਵਾਂ ਤਾਂ ਮੈਂ ਤੇ ਤੁਹਾਡੀ ਸੈਨਾ ਮਿਲ ਕੇ ਸਾਰੇ ਕੰਮ ਨੂੰ ਅਸਾਨੀ ਨਾਲ ਮੁਕੰਮਲ ਕਰ ਲਵਾਂਗਾ।

ਲਾਂਸਰ : (ਮੁਸਕਰਾਂਦੇ ਹੋਏ) ਕੈਰਿਲ, ਮੇਅਰ ਦੀ ਪਦਵੀ ਤਾਂ ਉਹਦੇ ਲਈ ਹੁੰਦੀ ਹੈ, ਜਿਹੜਾ ਲੋਕਾਂ ਦਾ ਵਿਸ਼ਵਾਸਪਾਤਰ ਹੋਵੇ, ਉਂਝ ਮੈਂ ਤੇਰੇ ਤੋਂ ਹੀ ਜਾਣਨਾ ਚਾਹਵਾਂਗਾ, ਕੀ ਸਾਡੇ ਆਉਣ ਤੋਂ ਪਿਛੋਂ ਤੂੰ ਨਗਰ ਦੇ ਕਿਸੇ ਹੋਰ ਵਿਅਕਤੀ ਨਾਲ ਜਾਂ ਕਿਸੇ ਹੋਰ ਵਿਅਕਤੀ ਨੇ ਤੇਰੇ ਨਾਲ ਕੋਈ ਗੱਲਬਾਤ ਕੀਤੀ ਹੈ।

ਕੋਰਿਲ : ਕੀ ਮਤਲਬ ?

ਲਾਂਸਰ : ਮਤਲਬ ਕਿ ਉਹ ਤੈਨੂੰ ਦੇਖ ਕੇ ਪਾਸੇ ਨਹੀਂ ਹੋ ਜਾਂਦੇ ?

ਕੋਰਿਲ : ਉਹ ਮੇਰੇ ਨਾਲ ਕੀ, ਆਪਸ ਵਿਚ ਵੀ ਕੋਈ ਗੱਲ ਨਹੀਂ ਕਰਦੇ... ਉਹ ਤਾਂ ਡੋਰ ਭੋਰ ਹੋਏ ਹੋਏ ਹਨ ਜਿਵੇਂ ਉਹ ਕੋਈ ਸੁਪਨਾ ਵੇਖ ਰਹੇ ਹੋਣ।

ਲਾਂਸਰ : ਤੈਨੂੰ ਇਹ ਵੀ ਨਹੀਂ ਪਤਾ ਕਿ ਉਨ੍ਹਾਂ ਦਾ ਤੇਰੇ ਬਾਰੇ ਕੀ ਖਿਆਲ ਹੈ?

ਕੋਰਿਲ : ਇਥੇ ਮੇਰੇ ਬਹੁਤ ਸਾਰੇ ਮਿੱਤਰ ਹਨ। ਮੈਂ ਇਸ ਨਗਰ ਦੇ ਸਾਰੇ ਲੋਕਾਂ ਨੂੰ ਜਾਣਦਾ ਹਾਂ।

ਲਾਂਸਰ : ਕੀ ਇਨ੍ਹਾਂ ਦਿਨਾਂ ਵਿਚ ਕਿਸੇ ਨੇ ਤੇਰੀ ਦੁਕਾਨ ਤੋਂ ਕੋਈ ਸੌਦਾ ਖਰੀਦਿਆ ਹੈ ?

ਕੋਰਿਲ : ਵਪਾਰ ਤਾਂ ਜਨਾਬ, ਅਜਕਲ ਸਾਰਾ ਹੀ ਠੱਪ ਹੈ, ਕੋਈ ਕੁਝ ਖਰੀਦਦਾ ਹੀ ਨਹੀਂ।

ਲਾਂਸਰ : (ਬੜੇ ਹੀ ਠਰ੍ਹਮੇ ਨਾਲ) ਕੈਰਿਲ, ਤੇਰਾ ਕੰਮ ਬੜਾ ਕਠਿਨ ਤੇ

ਦਲੇਰਆਨਾ ਸੀ, ਮੈਂ ਸਮਝਦਾ ਹਾਂ, ਉਹਦਾ ਤੈਨੂੰ ਇਨਾਮ ਮਿਲਣਾ ਹੀ ਚਾਹੀਦਾ ਹੈ।

ਕੋਰਿਲ : ਇਹ ਤਾਂ ਤੁਹਾਡੀ ਬੜੀ ਮਿਹਰਬਾਨੀ ਹੋਵੇਗੀ।

ਲਾਂਸਰ : ਹੌਲੀ-ਹੌਲੀ ਤੈਨੂੰ ਇਨ੍ਹਾਂ ਦੀ ਨਫ਼ਰਤ ਨਾਲ ਵੀ ਤੈਨੂੰ ਦੋ ਚਾਰ ਹੋਣਾ ਪਵੇਗਾ।

ਕੋਰਿਲ : ਮੈਂ ਸਭ ਕੁਝ ਸਹਿਨ ਕਰ ਸਕਦਾ ਹਾਂ, ਆਖਿਰ ਉਹ ਸਾਡੇ ਵੈਰੀ ਹੀ ਤਾਂ ਹਨ।

ਲਾਂਸਰ : (ਕੁਝ ਚਿਰ ਚੁੱਪ ਦੇ ਬਾਅਦ) ਤੇ ਸ਼ਾਇਦ ਸਾਡੀਆਂ ਨਜ਼ਰਾਂ ਵਿਚ ਵੀ ਤੇਰੀ ਪਹਿਲਾਂ ਵਾਂਗ ਕਦਰ ਨਾ ਰਹੇ।

ਕੋਰਿਲ : ਪਰ ਜੀ, ਇਹ ਤਾਂ ਬੜਾ ਜ਼ੁਲਮ ਏ – ਹੈਡਕੁਆਟਰ 'ਚ ਜਦੋਂ ਮੇਰੀ ਗੱਲ ਤੁਹਾਡੇ ਨੇਤਾ ਨਾਲ ਹੋਈ ਸੀ, ਉਨ੍ਹਾਂ ਕਿਹਾ ਸੀ ਕਿ ਮੇਰੀ ਸੇਵਾ ਦਾ ਸਤਿਕਾਰ ਕੀਤਾ ਜਾਏਗਾ।

ਲਾਂਸਰ : ਤਾਂ ਉਸ ਸਤਿਕਾਰ ਲਈ ਤੈਨੂੰ ਰਾਜਧਾਨੀ ਹੀ ਚਲਾ ਜਾਣਾ ਚਾਹੀਦਾ ਹੈ। ਇਥੇ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਮੇਰੀ ਹੈ - ਮੈਂ ਇਥੋਂ ਦੀਆਂ ਖਾਨਾਂ ਵਿਚੋਂ ਕੋਲਾ ਲੈਣਾ ਹੈ ਤੇ ਇਥੋਂ ਦੇ ਸਾਗਰ ਵਿਚੋਂ ਮੱਛੀਆਂ 'ਤੇ ਕੰਮ ਲਈ ਮੈਨੂੰ ਪੂਰੇ ਅਮਨ ਸ਼ਾਂਤੀ ਦੀ ਲੋੜ ਹੈ। ਤੇਰਾਇਥੇ ਰਹਿਣਾ ਸਾਡੇ ਮੰਤਵ ਦੀ ਪੂਰਤੀ ਵਿਚ ਵਿਘਨ ਪਵੇਗਾ। ਮੈਂ ਤਾਂ ਤੈਨੂੰ ਇਹੀ ਸਲਾਹ ਦੇਵਾਂਗਾ ਕਿ ਤੂੰ ਰਾਜਧਾਨੀ ਚਲਾ ਜਾ – ਉਥੇ ਆਪਣਾ ਇਨਾਮ ਹਾਸਲ ਕਰ, ਉਸ ਕੰਮ ਲਈ ਜੋ ਤੂੰ ਕੀਤਾ ਹੈ ਤੇ ਆਰਾਮ ਨਾਲ ਜ਼ਿੰਦਗੀ ਕੱਟ... ਮੈਨੂੰ ਖ਼ਬਰ ਮਿਲੀ ਹੈ ਕਿ ਇਥੇ ਤੂੰ ਇਕ ਔਰਤ ਨਾਲ ਰਹਿੰਦਾ ਹੈ, ਜਿਸਦਾ ਰਿਸ਼ਤਾ ਤੇਰੇ ਨਾਲ ਵਿਆਹ ਤੋਂ ਬਾਹਰ ਵਾਲਾ ਹੈ। ਇਹੋ ਜਿਹੀ ਕੋਈ ਹੋਰ ਔਰਤ ਤੈਨੂੰ ਰਾਜਧਾਨੀ ਵਿਚ ਵੀ ਮਿਲ ਜਾਏਗੀ। ਇਹਦੇ ਲਈ ਤੇਰੇ ਕੋਲ ਹੁਸ਼ਿਆਰੀ ਵੀ ਹੈ ਤੇ ਅਕਲ ਵੀ... ਤੈਨੂੰ ਹੁਣ ਇਥੋਂ ਚਲਾ ਹੀ ਜਾਣਾ ਚਾਹੀਦਾ ਤੇ ਜਿਨ੍ਹਾਂ ਚਿਰ ਇਥੇ ਹੈ, ਘਰ ਹੀ ਰਿਹਾ ਕਰ। ਬਾਹਰ ਨਿਕਲੇ ਤਾਂ ਲੋਹ ਟੋਪ ਪਾਉਣਾ ਨਾ ਭੁੱਲਿਆ ਕਰ।

ਕੋਰਿਲ : ਨਹੀਂ ਕਰਨਲ ਸਾਹਿਬ, ਮੈਂ ਇਥੋਂ ਦੇ ਲੋਕਾਂ ਨੂੰ ਜਾਣਦਾ ਹਾਂ, ਮੈਨੂੰ ਇਨ੍ਹਾਂ ਕੋਲੋਂ ਕੋਈ ਖਤਰਾ ਨਹੀਂ। ਇਹ ਅਮਨ ਪਸੰਦ ਲੋਕ ਹਨ।

ਲਾਂਸਰ : ਹਾਂ ਦੁਨੀਆਂ ਵਿਚ ਸ਼ਾਇਦ ਇਸ ਕਿਸਮ ਦੇ ਅਮਨ ਪਸੰਦ ਲੋਕ ਹੋਰ ਕਿਧਰੇ ਨਾ ਹੋਣ। ਤੂੰ ਇਹ ਕਿਉਂ ਨਹੀਂ ਸਮਝਦਾ ਕਿ ਅਸਾਂ ਇਸ ਦੇਸ਼ ਉਤੇ ਹਮਲਾ ਕੀਤਾ ਹੈ ਤੇ ਤੂੰ ਉਨ੍ਹਾਂ ਅਨੁਸਾਰ ਗੱਦਾਰੀ ਨਾਲ ਸਾਡੇ ਲਈ ਰਾਹ ਬਣਾਇਆ ਹੈ... ਤੂੰ ਇਹ ਕਿਉਂ ਭੁੱਲ ਜਾਂਦੇ

ਕਿ ਅਸੀਂ ਉਨ੍ਹਾਂ ਨਾਲ ਯੁੱਧ ਕਰ ਰਹੇ ਹਾਂ।

ਕੋਰਿਲ : ਪਰ ਅਸੀਂ ਉਨ੍ਹਾਂ ਨੂੰ ਸ਼ਿਕਸਤ ਦੇ ਦਿੱਤੀ ਹੈ।

ਲਾਂਸਰ : ਹਾਂ ਅਸੀਂ ਉਨ੍ਹਾਂ ਨੂੰ ਸ਼ਿਕਸ਼ਤ ਦੇ ਦਿੱਤੀ ਹੈ - ਪਰ ਉਹ ਹਾਰੇ ਨਹੀਂ।

ਕੋਰਿਲ : ਤੁਹਾਡੀਆਂ ਗੱਲਾਂ ਤੋਂ ਲਗਦਾ ਹੈ ਕਿ ਤੁਸੀਂ ਜਿੱਤ ਕੇ ਵੀ ਹਾਰਿਆਂ ਵਾਕੁਣ ਮਹਿਸੂਸ ਕਰਦੇ ਹੋ... ਤੇ ਮੈਂ ਇਹ ਕਹਿਣ ਦੀ ਗੁਸਤਾਖੀ ਕਰ ਰਿਹਾ ਹਾਂ ਕਿ ਤੁਹਾਨੂੰ ਸੈਨਾ ਦਾ ਕਮਾਂਡਰ ਨਹੀਂ ਸੀ ਹੋਣਾ ਚਾਹੀਦਾ - ਜਿੱਤ ਕੇ ਵੀ ਹਾਰਨਾ ਇਹ ਸੈਨਾ ਦੀ ਸੋਚ ਨਹੀਂ ਹੋਣੀ ਚਾਹੀਦੀ ਹੈ।

ਲਾਂਸਰ : ਪਰ ਇਹ ਹਕੀਕਤ ਹੈ... ਤੇ ਇਹ ਵੀ ਹਕੀਕਤ ਹੈ ਕਿ ਇਥੇ ਤੇਰਾ ਕੰਮ ਖਤਮ ਹੋ ਚੁੱਕਿਐ।

ਕੋਰਿਲ : (ਮਾਯੂਸ ਹੋ ਕੇ ਉਠਦਾ ਹੈ) ਤੇ ਫੇਰ ਤੁਹਾਡਾ ਖਿਆਲ ਹੈ, ਮੈਂ ਹੁਣ ਜਾਵਾਂ।

ਲਾਂਸਰ : ਮੇਰਾ ਖਿਆਲ ਹੈ, ਮੇਰਾ ਇਹੋ ਮਤਲਬ ਹੈ।

*(ਕੋਰਿਲ ਉਠ ਕੇ ਜਾਣ ਲਗਦਾ ਹੈ, ਕਪਤਾਨ ਲਾਫਟ ਦਰਵਾਜ਼ੇ 'ਤੇ ਖੜ੍ਹੇ ਸੰਤਰੀ ਨੂੰ ਧੱਕਾ ਦੇ ਕੇ ਅੰਦਰ ਆਉਂਦਾ ਹੈ।)*

ਲਾਫਟ : ਬਹੁਤ ਗੜਬੜ ਹੋ ਗਈ ਜਨਾਬ।

ਲਾਂਸਰ : ਕੀ ਹੋਇਆ ?

ਲਾਫਟ : ਕਪਤਾਨ ਬੈਟਿੰਕ ਮਾਰ ਦਿੱਤੇ ਗਏ ਹਨ ?

ਲਾਂਸਰ : ਕਪਤਾਨ ਬੈਟਿੰਕ ? ਕਿਸ ਤਰ੍ਹਾਂ ? ਕਿਸਨੇ ਇਹ ਕੀਤਾ ?

ਲਾਫਟ : ਇਕ ਖਾਨ ਮਜ਼ਦੂਰ ਨੇ। ਸਾਰਾ ਕੁਝ ਮੇਰੀਆਂ ਅੱਖਾਂ ਸਾਹਮਣੇ ਵਾਪਰਿਐ।

ਲਾਂਸਰ : ਅੱਛਾ! ਾਂ ਦੱਸ ਕੀ ਹੋਇਐ ?

ਲਾਫਟ : ਤੁਹਾਡੇ ਹੁਕਮ ਅਨੁਸਾਰ, ਮੈਂ ਕਪਤਾਨ ਬੈਟਿੰਕ ਦੀ ਥਾਂ ਸੰਭਾਲ ਲਈ ਸੀ, ਉਹ ਵਾਪਸ ਮੁੜਣ ਹੀ ਲਗੇ ਸਨ ਕਿ ਇਕ ਖਾਨ ਮਜ਼ਦੂਰ ਮੇਰੇ ਨਾਲ ਗੁਸਤਾਖੀ ਕਰਨ ਲੱਗਦਾ। ਉਹ ਆਜ਼ਾਦ ਨਾਗਰਿਕ ਹੋਣ ਉਤੇ ਜ਼ੋਰ ਦੇ ਰਿਹਾ ਸੀ। ਜਦੋਂ ਮੈਂ ਉਹਨੂੰ ਦੂਜੀ ਵਾਰ ਕੰਮ ਕਰਨ ਲਈ ਆਖਿਆ ਤਾਂ ਉਹ ਗੈਂਤੀ ਲੈ ਕੇ ਮੇਰੇ ਵੱਲ ਲਪਕਿਆ। ਕਪਤਾਨ ਬੈਟਿੰਕ ਜਿਹੜੇ ਕੋਲ ਖੜੇ ਸਨ, ਵਿਚਕਾਰ ਆ ਗਏ ਤੇ ਵਾਰ ਉਨ੍ਹਾਂ ਉਤੇ ਹੋ ਗਿਆ।

ਲਾਂਸਰ : (ਵਕਫਾ) ਕੀ ਉਸ ਆਦਮੀ ਨੂੰ ਫੜ ਲਿਆ ਗਿਐ ?

ਲਾਫਟ : ਜੀ ਹਾਂ।

ਲਾਂਸਰ : (ਵਕਫਾ) ਤਾਂ ਹੁਣ ਇਹ ਸਿਲਸਿਲਾ ਸ਼ੁਰੂ ਹੋ ਗਿਐ ? (ਕੋਰਿਲ ਵੱਲ

ਮੁੜਦਾ ਹੈ - ਕੋਰਿਲ ਕੰਬ ਰਿਹਾ ਹੈ) ਮਿਸਟਰ ਕੋਰਿਲ ਅਸੀਂ ਉਨ੍ਹਾਂ ਨੂੰ ਸ਼ਿਕਸ਼ਤ ਜ਼ਰੂਰ ਦੇ ਦਿੱਤੀ ਹੈ। ਪਰ ਉਹ... ਉਹ ਹਾਰੇ ਨਹੀਂ। ਜੇ ਇਸ ਆਦਮੀ ਨੂੰ ਗੋਲੀ ਮਾਰ ਵੀ ਦੇਵਾਂਗੇ, ਤਾਂ ਵੀ ਕੀ ਹੋਵੇਗਾ? ਵੀਹ ਹੋਰ ਪੈਦਾ ਹੋ ਜਾਣਗੇ। ਕਪਤਾਨ ਲਾਫਟ, ਮੇਅਰ ਨੂੰ ਮੇਰਾ ਪ੍ਰਣਾਮ ਦਿਓ ਤੇ ਉਨ੍ਹਾਂ ਨੂੰ ਆਖੋ ਕਿ ਮੈਨੂੰ ਹੁਣੇ ਹੀ ਮਿਲਣ।

ਕੋਰਿਲ : ਇਹ ਹਕੀਕਤ ਹੈ, ਲੋਕ ਹਾਰਦੇ ਨਹੀਂ (ਲਾਫਟ ਜਾਂਦਾ ਹੈ)।

ਲਾਂਸਰ : ਐਨੀ ਦਾ ਸਿਪਾਹੀਆਂ ਉਤੇ ਖੋਲਦਾ ਪਾਣੀ ਸੁੱਟਣਾ ਅਤੇ ਬੈਟਿੰਗ ਦਾ ਮਾਰਿਆਂ ਜਾਣਾ ਇਹ ਦਸਦਾ ਹੈ ਕਿ ਅਸੀਂ ਉਨ੍ਹਾਂ ਨੂੰ ਸ਼ਿਕਸਤ ਦੇ ਦਿੱਤੀ ਹੈ ਪਰ ਉਹ ਹਾਰੇ ਨਹੀਂ।

*ਫੇਡ ਆਊਟ*

## ਐਕਟ-3

*(ਲੋਕ ਸੜਕ 'ਤੇ ਤੁਰ ਫਿਰ ਰਹੇ ਹਨ - ਉਹ ਇਕ ਪਸੇ ਬੈਂਚ 'ਤੇ ਬੈਠੇ ਹਨ। ਗੱਲਬਾਤ ਕਰਨ ਦਾ ਮਾਈਮ ਕਰਦੇ ਹਨ। ਐਨੀ ਤੇ ਜਾਜ਼ਿਫ ਆਪਸ ਵਿਚ ਵਾਰਤਾਲਾਪ ਕਰਦੇ ਹਨ। ਲੋਕਾਂ ਉਤੇ ਕਾਲੇ ਸੋਗ ਵਾਲੇ ਵਸਤਰ ਹਨ।*

ਐਨੀ : ਜਾਜ਼ਿਫ, ਇਕ ਗੱਲ ਦੱਸ, ਜੋ ਕੁਝ ਇਹ ਸਭ ਵਾਪਰ ਰਿਹਾ ਹੈ, ਇਹਦਾ ਨਗਰ ਤੇ ਕੀ ਪ੍ਰਭਾਵ ਹੈ।

ਜਾਜ਼ਿਫ : ਨਗਰ ਵਿਚ ਲੋਕ ਹੁਣ ਸੜਕਾਂ ਉਤੇ ਤੁਰਨ ਫਿਰਨ ਲਗ ਪਏ ਹਨ। ਖਾਨਾਂ ਵਿਚ ਲੋਕ ਪਹਿਲਾਂ ਵਾਂਗ ਹੀ ਕੋਲਾ ਪੁੱਟਦੇ ਤੇ ਰੇੜ੍ਹੀਆਂ ਖਿਚਦੇ ਹਨ। ਪਰ ਇਹ ਕੰਮ ਹੁਣ ਚਾਅ ਨਾਲ ਨਹੀਂ ਕਰਦੇ ਬਸ ਬੇਬੱਸੀ ਵਿਚ ਹੀ ਕਰਦੇ ਹਨ। ਦੁਕਾਨਾਂ ਖੁਲੀਆਂ ਜ਼ਰੂਰ ਹਨ, ਦੁਕਾਨਦਾਰ ਸੌਦਾ ਵੀ ਵੇਚਦੇ ਹਨ। ਪਰ ਕੋਈ ਕਿਸੇ ਨਾਲ ਗੱਲ ਨਹੀਂ ਕਰਦਾ। ਜੇ ਕੋਈ ਕਿਸੇ ਨੂੰ ਬੁਲਾਉਂਦਾ ਵੀ ਹੈ ਤਾਂ ਹੂੰ ਹਾਂ, ਅਗੇ ਗੱਲ ਨਹੀਂ ਤੁਰਦੀ। ਕਿਸੇ ਕੰਮ ਵਿਚ ਕਿਸੇ ਦੀ ਦਿਸਚਸਪੀ ਨਹੀਂ।

ਐਨੀ : ਮੈਂ ਵੀ, ਜੇ ਹਿਜ਼ ਐਕਸੀਲੈਸੀ ਆਪ ਨਾ ਕਹਿੰਦੇ, ਤਾਂ ਕਿਚਨ ਵਿਚ ਇਹ ਸਾਰਾ ਕੰਮ ਨਾ ਕਰਦੀ। - ਇਨ੍ਹਾਂ ਵਿਦੇਸ਼ੀਆਂ ਦਾ ਸਾਡੇ ਕੋਲੋਂ ਕੰਮ ਕਰਵਾਉਣ ਦਾ ਕੀ ਹੱਕ ਹੈ?

ਜਾਜ਼ਿਫ : ਇਨ੍ਹਾਂ ਨੂੰ ਸਾਡੇ ਦੇਸ਼ ਵਿਚ ਆਉਣ ਦਾ ਹੀ ਕੀ ਹੱਕ ਏ?

ਐਨੀ : ਕੋਈ ਹੱਕ ਨਹੀਂ।

ਜਾਜ਼ਿਫ : ਕੋਈ ਹੱਕ ਨਹੀਂ... ਮੈਂ ਵੀ ਇੰਝ ਸੋਚਦਾ ਹਾਂ। ਪਰ ਇਸਦੇ ਬਾਵਜੂਦ

ਉਹ ਆਪਣੀਆਂ ਮਸ਼ੀਨਗੰਨਾਂ ਦੇ ਜ਼ੋਰ ਨਾਲ ਜੋ ਚਾਹੁਣ ਕਰਵਾ ਲੈਂਦੇ ਹਨ।

ਐਨੀ : ਪਰ ਉਨ੍ਹਾਂ ਨੂੰ ਇਸਦਾ ਹੱਕ ਤਾਂ ਕੋਈ ਨਹੀਂ ਨਾ... ਹੁਣ ਇਹ ਕਮਰਾ ਕੋਈ ਖਾਣਾ ਖਾਣ ਵਾਲਾ ਕਮਰਾ ਥੋੜਾ ਹੈ, ਇਹ ਵੱਡਾ ਮੇਜ਼ ਤੇ ਉਹਦੇ ਆਲੇ ਦੁਆਲੇ ਟਿਕਾਈਆਂ ਇਹ ਕੁਰਸੀਆਂ, ਇਹ ਸਭ ਕੁਝ ਕੀ ਏ?

ਜਾਜ਼ਿਫ : ਉਹ ਇਥੇ ਬੈਠ ਕੇ ਮੁਕੱਦਮੇ ਦਾ ਫ਼ੈਸਲਾ ਕਰਨਗੇ, ਅਲੈਗਜੈਂਡਰ ਉਤੇ ਮੁਕੱਦਮਾ ਚੱਲ ਰਿਹੈ ਨਾ?

ਐਨੀ : ਮਾਲੀ ਮਾਰਡੇਨ ਦੇ ਪਤੀ ਉਤੇ?

ਜਾਜ਼ਿਫ : ਹਾਂ...

ਐਨੀ : ਉਸ ਸੈਨਿਕ ਅਫ਼ਸਰ ਦਾ ਸਿਰ ਭੰਨਣ ਦੇ ਦੋਸ਼ ਵਿਚ?

ਜਾਜ਼ਿਫ : ਹਾਂ, ਹੋਰ ਕੀ?

ਐਨੀ : ਪਰ ਅਲੈਗਜੈਂਡਰ ਤਾਂ ਬੜਾ ਭਲਾ ਪੁਰਸ਼ ਹੈ। ਉਹ ਤਾਂ ਮਾਲੀ ਨੂੰ ਬੜਾ ਪਿਆਰ ਕਰਦਾ ਹੈ। ਉਸ ਨੇ ਮਾਲੀ ਦੇ ਜਨਮ ਦਿਨ ਉਤੇ ਉਸਨੂੰ ਬੜਾ ਹੀ ਸੁੰਦਰ ਸ਼ਕਾਰਫ ਦਾ ਤੁਹਫਾ ਦਿੱਤਾ ਸੀ। ਇਨ੍ਹਾਂ ਲੋਕਾਂ ਨੂੰ ਉਸ ਉਤੇ ਮੁਕੱਦਮਾ ਚਲਾਉਣ ਦਾ ਕੀ ਹੱਕ ਹੈ?

ਜਾਜ਼ਿਫ : ਐਨੀ ਗੱਲ ਇਹ ਹੈ ਕਿ ਅਲੈਗਜੈਂਡਰ ਨੇ ਉਸ ਸੈਨਿਕ ਨੂੰ ਜੁ ਮਾਰ ਸੁੱਟਿਆ ਸੀ।

ਐਨੀ : ਚਲੋ ਮੰਨ ਲਿਆ ਕਿ ਉਸਨੇ ਸੈਨਿਕ ਦਾ ਸਿਰ ਭੰਨਿਆ ਹੈ ਪਰ ਉਸ ਸੈਨਿਕ ਨੇ ਵੀ ਤਾਂ ਉਸ ਉਤੇ ਫਜ਼ੂਲ ਦਾ ਰੁਅਬ ਪਾਇਆ ਸੀ ਨਾ। ਮੈਨੂੰ ਸਾਰੀ ਗੱਲ ਦਾ ਪਤੈ, ਅਲੈਗਜੈਂਡਰ ਕਿਸੇ ਦਾ ਅਜਾਂਈ ਰੁਅਬ ਨਹੀਂ ਸਹਿੰਦਾ। ਉਹ ਆਪ ਤੇ ਉਸਦਾ ਪਿਤਾ ਦੋਵੇਂ ਮੁਖੀਆ ਰਹਿ ਚੁੱਕੇ ਹਨ, ਤੇ ਮਾਲੀ ਕਿੰਨੀ ਚੰਗੀ ਸੁਆਣੀ ਹੈ... ਉਹਦੇ ਬਣਾਏ ਕੇਕ ਕਿੰਨੇ ਵਧੀਆ ਹੁੰਦੇ ਹਨ... ਤੇ ਜਾਜ਼ਿਫ, ਹੁਣ ਉਹ ਅਲੈਗਜੈਂਡਰ ਨਾਲ ਕਿਹੋ ਜਿਹਾ ਵਿਹਾਰ ਕਰਨਗੇ?

ਜਾਜ਼ਿਫ : ਗੋਲੀ ਮਾਰ ਦੇਣਗੇ।

ਐਨੀ : ਕਿਉਂ ਗੋਲੀ ਕਿਵੇਂ ਮਾਰ ਦੇਣਗੇ ਉਹ? ਉਨ੍ਹਾਂ ਨੂੰ ਕੀ ਹੱਕ ਹੈ ਇਸਦਾ?

ਜਾਜ਼ਿਫ : (ਕੁਰਸੀਆਂ ਠੀਕ ਕਰਦੇ ਹੋਏ) ਬੱਸ ਮਾਰਨਗੇ ਗੋਲੀ ਉਹ, ਵੇਖ ਲਈ ਤੂੰ, ਉਹ ਗੋਲੀ ਹੀ ਮਾਰਨਗੇ।

ਐਨੀ : ਇੰਝ ਭੈੜੇ ਬੋਲ ਨਾ ਬੋਲ ਜਾਜ਼ਿਫ... (ਮੂਡ ਬਦਲ ਕੇ) ਤੂੰ ਮੇਰੀ ਗੱਲ ਯਾਦ ਰੱਖੀਂ, ਜੇ ਉਨ੍ਹਾਂ ਨੇ ਅਲੈਗਜੈਂਡਰ ਨੂੰ ਜ਼ਰਾ ਵੀ ਦੁੱਖ ਦਿੱਤਾ

ਤਾਂ ਲੋਕ ਇਸਦਾ ਸਖ਼ਤ ਵਿਰੋਧ ਕਰਨਗੇ। ਲੋਕਾਂ ਵਿਚ ਉਸਦੀ ਬੜੀ ਸ਼ਾਖ ਹੈ - ਤੂੰ ਹੀ ਦੱਸ, ਕਦੀ ਇਸ ਤੋਂ ਪਹਿਲਾਂ ਵੀ ਉਸਨੇ ਕਿਸੇ ਨੂੰ ਦੁੱਖ ਦਿੱਤੈ ?

ਜਾਜ਼ਿਫ : ਨਹੀਂ ਕਦੀ ਨਹੀਂ...

ਐਨੀ : ਤੂੰ ਵੇਖ ਲਈਂ, ਜੇ ਉਨ੍ਹਾਂ ਨੇ ਅਲੈਗਜੈਂਡਰ ਨਾਲ ਬੁਰਾ ਵਿਹਾਰ ਕੀਤਾ ਤਾਂ ਲੋਕ ਗੁੱਸੇ ਨਾਲ ਪਾਗਲ ਹੋ ਜਾਣਗੇ। ਮੈਂ ਤਾਂ ਆਪ ਇਸ ਜ਼ੁਲਮ ਨੂੰ ਕਦੀ ਬਰਦਾਸ਼ਤ ਨਹੀਂ ਕਰਾਂਗੀ।

ਜਾਜ਼ਿਫ : ਤਾਂ ਫੇਰ ਉਹ ਤੈਨੂੰ ਗੋਲੀ ਨਾਲ ਉਡਾ ਦੇਣਗੇ।

ਐਨੀ : ਬੇਸ਼ੱਕ ਉਡਾ ਦੇਣ... ਜਾਜ਼ਿਫ, ਮੈਂ ਤੈਨੂੰ ਦੱਸਾਂ, ਇਨ੍ਹਾਂ ਦਾ ਇਹ ਰਾਤ ਦਿਨ ਲੋਕਾਂ ਨੂੰ ਮਾਰਦੇ ਰਹਿਣਾ ਬਹੁਤ ਚਿਰ ਨਹੀਂ ਚਲੇਗਾ...

ਜਾਜ਼ਿਫ : ਹਾਂ ਨਹੀਂ ਚਲੇਗਾ... ਉਰੇ ਆ... ਤੈਨੂੰ ਇਕ ਭੇਦ ਦੀ ਗੱਲ ਦੱਸਾਂ, ਵਿਲੀਅਮ ਡੀਲ ਤੇ ਵਾਲਟਰ ਡਾਗਲ ਕੱਲ੍ਹ ਰਾਤ ਨੂੰ ਇਥੋਂ ਨਿਕਲ ਗਏ ਹਨ... ਇਕ ਬੇੜੀ ਵਿਚ ਬੈਠ ਕੇ ਇੰਗਲਸਤਾਨ ਚਲੇ ਗਏ ਹਨ।

ਐਨੀ : ਇਹ ਹੋਈ ਨਾ ਗੱਲ... ਕੀ ਇਸ ਗੱਲ ਦਾ ਸਭ ਨੂੰ ਪਤੈ ?

ਜਾਜ਼ਿਫ : ਪਤਾ ਸਾਰਿਆਂ ਨੂੰ ਤਾਂ ਨਹੀਂ... ਮਤਲਬ ਹੋਰ ਤਾਂ ਸਾਰਿਆਂ ਨੂੰ ਪਤਾ ਹੈ, ਪਰ ਇਨ੍ਹਾਂ ਨੂੰ ਨਹੀਂ (ਗੈਸਟ ਰੂਮ ਵੱਲ ਇਸ਼ਾਰਾ ਕਰਦਾ ਹੈ)... ਕੋਰਿਲ ਨੂੰ ਤਾਂ ਤੂੰ ਜਾਣਦੀ ਹੈ ਨਾ ?

ਜਾਜ਼ਿਫ ਹਾਂ, ਹਾਂ ਜਾਣਦੀ ਕਿਉਂ ਨਹੀਂ ?

ਜਾਜ਼ਿਫ : (ਭੇਦ ਭਰੇ ਲਹਿਜੇ ਵਿਚ) ਹੁਣ ਉਹਦੀ ਮੌਤ ਵੀ ਆ ਗਈ ਏ... ਸਾਰੇ ਲੋਕ ਇਕੱਠੇ ਹੋ ਰਹੇ ਹਨ। ਲੋਕਾਂ ਨੂੰ ਇਹ ਗੱਲ ਬੜੀ ਭੈੜੀ ਲਗੀ ਏ ਕਿ ਵਿਦੇਸ਼ੀ ਆ ਕੇ ਸਾਡੇ ਨਗਰ ਉਤੇ ਕਬਜ਼ਾ ਕਰ ਲੈਣ - ਉਹ ਗੁਲਾਮੀ ਦੇ ਬੰਧਨ ਕੱਟਣ ਲਈ ਕੁਝ ਨਾ ਕੁਝ ਕਰਨ ਨੂੰ ਤਿਆਰ ਬੈਠੇ ਹਨ।

ਐਨੀ : ਹਾਂ ਇਹ ਤਾਂ ਠੀਕ ਹੈ... ਤੇ ਹਿਜ਼ ਐਕਸੀਲੈਂਸੀ, ਉਹ ਕੀ ਕਹਿੰਦੇ ਹਨ ? ਉਹ ਕੀ ਸੋਚਦੇ ਹਨ ?

ਜਾਜ਼ਿਫ : ਕਿਸੇ ਨੂੰ ਕੁਝ ਪਤਾ ਨਹੀਂ। ਉਹ ਕੁਝ ਬੋਲਦੇ ਨਹੀਂ।

ਐਨੀ : ਉਹ ਤਾਂ ਨਹੀਂ ਸਾਡੇ ਵਿਰੁੱਧ ਹੋਣ ਲਗੇ ?

ਜਾਜ਼ਿਫ : ਉਹ ਕੁਝ ਨਹੀਂ ਕਹਿੰਦੇ...

*(ਖੱਬੇ ਪਾਸੇ ਦਾ ਦਰਵਾਜ਼ਾ ਖੁੱਲਦਾ ਹੈ, ਮੇਅਰ ਆਰਡਨ ਹੌਲੇ ਹੌਲੇ ਤੁਰਦਾ ਅੰਦਰ ਆਉਂਦਾ ਹੈ, ਉਹਦਾ ਸਰੀਰ ਟੁੱਟਿਆ ਹੋਇਆ ਹੈ ਤੇ ਬਿਰਧ ਜਾਪਣ ਲੱਗ ਪਿਆ ਸੀ।)*

ਆਰਡਨ : ਸ਼ੁਕਰੀਆ ਜਾਜ਼ਿਫ ਤੂੰ ਠੀਕ ਪ੍ਰਬੰਧ ਕੀਤਾ ਹੈ - ਇਹ ਕੁਰਸੀਆਂ ਇਸ ਤਰ੍ਹਾਂ ਹੀ ਲਗਣੀਆਂ ਚਾਹੀਦੀਆਂ ਹਨ।

*(ਡਾਕਟਰ ਵਿੰਟਰ ਅੰਦਰ ਆਉਂਦਾ ਹੈ, ਇਕ ਦੂਜੇ ਨੂੰ ਮਿਲਦੇ ਹਨ ਤੇ ਫੇਰ ਕੁਰਸੀਆਂ 'ਤੇ ਬੈਠ ਜਾਂਦੇ ਹਨ।)*

ਆਰਡਨ : ਡਾਕਟਰ, ਹੁਣ ਮੈਂ ਇਸ ਪਦਵੀ 'ਤੇ ਬਹੁਤੀ ਦੇਰ ਨਹੀਂ ਰਹਿ ਸਕਾਂਗਾ। ਨਾ ਤਾਂ ਲੋਕਾਂ ਨੂੰ ਮੇਰੇ 'ਤੇ ਵਿਸ਼ਵਾਸ ਬਾਕੀ ਹੈ ਤੇ ਨਾ ਹੀ ਵੈਰੀ ਮੇਰੇ 'ਤੇ ਭਰੋਸਾ ਕਰਦੇ ਹਨ।

ਵਿੰਟਰ : ਇਹ ਤਾਂ ਮੈਨੂੰ ਪਤਾ ਨਹੀਂ ਕਿ ਲੋਕ ਕੀ ਸੋਚਦੇ ਹਨ ਤੇ ਦੁਸ਼ਮਣ ਕੀ ਸੋਚਦੇ ਹਨ। ਵੱਡੀ ਗੱਲ ਹੈ ਕਿ ਕੀ ਤੁਹਾਨੂੰ ਆਪਣੇ ਉਤੇ ਵਿਸ਼ਵਾਸ ਹੈ ਨਾ? ਤੁਹਾਡੇ ਆਪਣੇ ਮਨ ਵਿਚ ਤਾਂ ਕੋਈ ਸ਼ੰਕਾ ਨਹੀਂ?

ਆਰਡਨ : ਸ਼ੰਕਾ? ਨਹੀਂ। ਮੈਂ ਇਥੋਂ ਦਾ ਮੇਅਰ ਹਾਂ। ਤਾਂ ਵੀ ਕੋਈ ਗੱਲਾਂ ਮੇਰੀ ਸਮਝ ਵਿਚ ਨਹੀਂ ਆਈਆਂ। ਹੁਣ ਮੈਨੂੰ ਇਹ ਵੀ ਸਮਝ ਨਹੀਂ ਆਇਆ ਕਿ ਇਹ ਲੋਕ ਇਸ ਮੁਕੱਦਮੇ ਦਾ ਫ਼ੈਸਲਾ ਇਥੇ ਕਿਉਂ ਕਰਨਾ ਚਾਹੁੰਦੇ ਨੇ। ਉਹ ਕਤਲ ਦੇ ਦੋਸ਼ ਵਿਚ ਅਲੈਗਜੈਂਡਰ ਦਾ ਬਿਆਨ ਇਥੇ ਸੁਣਨਗੇ, ਤੁਸੀਂ ਅਲੈਗਜੈਂਡਰ ਨੂੰ ਜਾਣਦੇ ਹੋ ਨਾ ਡਾਕਟਰ? ਉਹ ਸੋਹਣੀ ਜਿਹੀ ਅਧਿਆਪਕਾ ਹੈ ਨਾ - ਮਾਲੀ? ਉਸਦਾ ਪਤੀ।

ਵਿੰਟਰ : ਹਾਂ ਹਾਂ, ਆ ਗਈ ਯਾਦ। ਉਹ ਗਰਾਮਰ ਸਕੂਲ ਦੀ ਅਧਿਆਪਕਾ। ੈਂ ਚੰਗੀ ਤਰ੍ਹਾਂ ਜਾਣਦਾ। ਬੜੀ ਪਿਆਰੀ ਕੁੜੀ ਹੈ। ਉਸਦੀ ਨਜ਼ਰ ਕਮਜ਼ੋਰ ਹੈ ਤਾਂ ਵੀ ਉਸ ਨੂੰ ਐਨਕ ਤੋਂ ਬੜੀ ਚਿੜ ਹੈ। ਖੈਰ ਇਹ ਤਾਂ ਸਹੀ ਹੈ ਕਿ ਅਲੈਗਜੈਂਡਰ ਨੇ ਇਕ ਸੈਨਿਕ ਅਧਿਕਾਰੀ ਨੂੰ ਮਾਰ ਸੁੱਟਿਆ। ਇਸ ਵਿਚ ਤਾਂ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ।

ਆਰਡਨ : (ਥੋੜੀ ਜਿਹੀ ਤਲਖੀ ਵਿਚ) ਬੇਸ਼ੱਕ ਕੋਈ ਗੁੰਜਾਇਸ਼ ਨਹੀਂ ਪਰ ਉਹ ਉਸ ਉਤੇ ਮੁਕੱਦਮਾ ਚਲਾਂਉਂਦੇ ਹਨ? ਇਕ ਦਮ ਗੋਲੀ ਕਿਉਂ ਨਹੀਂ ਮਾਰ ਦਿੰਦੇ? ਇਥੇ ਸ਼ੱਕ ਵਿਸ਼ਵਾਸ ਜਾਂ ਨਿਆਂ ਤੇ ਅਨਿਆਂ ਦੀ ਗੱਲ ਹੀ ਕੋਈ ਨਹੀਂ। ਫੇਰ ਮੁਕੱਦਮੇ ਦਾ ਨਾਟਕ ਕਿਉਂ? ਤੇ ਉਹ ਵੀ ਮੇਰੇ ਘਰ ਵਿਚ?

ਵਿੰਟਰ : ਇਹ ਤਾਂ ਦਿਸਦਾ ਹੀ ਪਿਐ ਕਿ ਇਹ ਸਭ ਵਿਖਾਵੇ ਲਈ ਹੈ - ਅਸਲ ਵਿਚ ਇਸ ਵਿਚ ਵੀ ਇਕ ਭੇਦ ਹੈ - ਜੇ ਅਸੀਂ ਕਿਸੇ ਗੱਲ ਨੂੰ ਕਾਇਦੇ ਕਾਨੂੰਨ ਅਨੁਸਾਰ ਕਰਨ ਦਾ ਭਰਮ ਪਾ ਲਈਏ ਤਾਂ ਸਾਡਾ ਮੰਤਵ ਵੀ ਪੂਰਾ ਹੋ ਜਾਂਦੈ, ਤੇ ਆਮ ਲੋਕਾਂ ਦੀ ਤਸੱਲੀ ਜੇਹੀ ਹੋ ਜਾਂਦੀ

ਹੈ। ਅਲੈਗਜੈਂਡਰ ਉਤੇ ਮੁਕੱਦਮਾ, ਇਸ ਲਈ ਚਲਾਇਆ ਜਾਏਗਾ ਕਿ ਲੋਕ ਇਸ ਨੂੰ ਨਿਆਂ ਸਮਝਣ ਤੇ ਸ਼ਾਂਤ ਰਹਿਣ... ਮੇਅਰ ਆਰਡਨ, ਹੁਣ ਜੇ ਇਸ ਮੁਕੱਦਮੇ ਦੀ ਸੁਣਵਾਈ ਤੁਹਾਡੇ ਘਰ ਵਿਚ ਹੋਵੇ, ਜਿਥੇ ਲੋਕਾਂ ਨੂੰ ਸਚਮੁੱਚ ਹੀ ਆਸ ਹੈ।

*(ਮਾਲੀ ਇਕ ਦਮ ਬੂਹਾ ਖੋਲ੍ਹ ਕੇ ਅੰਦਰ ਆਉਂਦੀ ਹੈ। ਉਹ ਘਬਰਾਈ ਹੋਈ ਹੈ, ਆਪਣੀਆਂ ਐਨਕਾਂ ਹੱਥ ਵਿਚ ਫੜੀਆਂ ਹੋਈਆਂ ਹਨ।)*

ਮਾਲੀ : ਮੈਨੂੰ ਮੁਆਫ਼ ਕਰਨਾ, ਯੂਅਰ ਐਕਸੀਲੈਂਸੀ - ਪਰ ਮੈਂ ਐਨੀ ਦੇ ਕਹਿਣ ’ਤੇ ਸਿੱਧੀ ਅੰਦਰ ਆਈ ਹਾਂ।

ਆਰਡਨ : ਕੋਈ ਹਰਜ਼ ਨਹੀਂ... ਤੂੰ ਮਾਲੀ ਮਾਰਡੇਨ ਹੈ ਨਾ ?

ਮਾਲੀ : ਜੀ ਹਾਂ, ਮੇਰਾ ਨਾਂ ਮਾਲੀ ਹੈ - ਸਾਰੇ ਆਖ ਰਹੇ ਨੇ ਕਿ ਅਲੈਗਜੈਂਡਰ ਉਤੇ ਮੁਕੱਦਮਾ ਚਲਾ ਕੇ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। (ਆਰਡਨ ਸਿਰ ਨੀਵਾਂ ਕਰ ਲੈਂਦਾ ਹੈ, ਕੋਈ ਜਵਾਬ ਨਹੀਂ ਦਿੰਦਾ।) ਉਹ ਕਹਿੰਦੇ ਹਨ ਕਿ ਤੁਸੀਂ ਉਸ ਨੂੰ ਸਜ਼ਾ ਦੇਵੋਗੇ। ਤੁਹਾਡੀ ਹੀ ਆਗਿਆ ਨਾਲ ਉਸ ਨੂੰ ਮੌਤ ਦੇ ਹਵਾਲੇ ਕਰ ਦਿੱਤਾ ਜਾਏਗਾ।

ਆਰਡਨ : ਕੀ ਕਹਿ ਰਹੀ ਏ ਤੂੰ ? ਕੌਣ ਕਰਦੈ ਇਹੋ ਜਿਹੀਆਂ ਗੱਲਾਂ ?

ਮਾਲੀ : ਨਗਰ ਦੇ ਸਾਰੇ ਲੋਕ... ਕੀ ਤੁਸੀਂ ਸੱਚਮੁੱਚ ਇਹਦੀ ਇਜ਼ਾਜਤ ਦੇਵੋਗੇ ? ਯੂਅਰ ਐਕਸੀਲੈਂਸੀ ਤੁਸੀਂ ਅਜਿਹਾ ਨਹੀਂ ਕਰੋਗੇ।

ਆਰਡਨ : ਪਰ ਲੋਕਾਂ ਨੂੰ ਇਸ ਗੱਲ ਦਾ ਗਿਆਨ ਕਿਸ ਤਰ੍ਹਾਂ ਹੋ ਗਿਆ, ਜਿਸਦਾ ਮੈਨੂੰ ਆਪ ਵੀ ਨਹੀਂ ਪਤਾ ? ਬੇਟੀ ਮਾਲੀ, ਮੈਂ ਤਾਂ ਅਜਿਹੀ ਗੱਲ ਸੋਚ ਵੀ ਨਹੀਂ ਸਕਦਾ।

ਵਿੰਟਰ : ਆਰਡਨ, ਇਹੀ ਤਾਂ ਰਹੱਸ ਹੈ। ਇਹੋ ਹੀ ਤਾਂ ਉਹ ਭੇਦ ਹੈ ਜੋ ਦੁਨੀਆਂ ਭਰ ਦੇ ਹਾਕਮਾਂ ਨੂੰ ਪ੍ਰੇਸ਼ਾਨ ਰੱਖਦੈ... ਹਾਕਮਾਂ ਨੂੰ ਸਮਝ ਨਹੀਂ ਆਉਂਦੀ ਕਿ ਲੋਕਾਂ ਨੂੰ ਅਜਿਹੀਆਂ ਗੱਲਾਂ ਕਿਵੇਂ ਪਤਾ ਲੱਗ ਜਾਂਦੀਆਂ ਹਨ। ਸਚਾਈ ਹਰ ਪ੍ਰਕਾਰ ਦੇ ਬੰਧਨਾਂ ਨੂੰ ਤੋੜ ਕੇ ਕਿਵੇਂ ਪ੍ਰਗਟ ਹੋ ਜਾਂਦੀ ਹੈ ? ਲੋਕ ਕਿਵੇਂ ਉਨ੍ਹਾਂ ਦੀ ਹਰ ਚਾਲ ਨੂੰ ਪਹਿਲਾਂ ਤੋਂ ਹੀ ਜਾਣ ਲੈਂਦੇ ਹਨ ?

ਮਾਲੀ : ਯੂਅਰ ਐਕਸੀਲੈਂਸੀ, ਅਲੈਗਜੈਂਡਰ ਕਾਤਲ ਨਹੀਂ, ਉਸਦਾ ਸੁਭਾਅ ਜ਼ਰੂਰ ਗਰਮ ਹੈ ਪਰ ਉਸ ਨੇ ਕਾਨੂੰਨ ਨੂੰ ਕਦੇ ਨਹੀਂ ਤੋੜਿਆ - ਉਹ ਦਿਲ ਦਾ ਸਾਫ਼ ਤੇ ਭਲਾ ਪੁਰਸ਼ ਹੈ।

ਆਰਡਨ : (ਪਿਆਰ ਨਾਲ ਮਾਲੀ ਦੇ ਮੋਢਿਆਂ ’ਤੇ ਹੱਥ ਰੱਖਦਿਆਂ) ਬੇਟੀ, ਮੈਂ ਅਲੈਗਜੈਂਡਰ ਨੂੰ ਨਿੱਕੇ ਹੁੰਦਿਆਂ ਤੋਂ ਜਾਣਦਾ ਹਾਂ, ਉਸਦੇ ਪਿਤਾ

ਨੂੰ ਵੀ, ਸਗੋਂ ਉਹਦੇ ਦਾਦਾ ਨੂੰ ਵੀ ਜਾਣਦਾ ਸਾਂ - ਤੈਨੂੰ ਪਤੈ, ਉਸਦਾ ਦਾਦਾ ਰਿੱਛਾਂ ਦਾ ਬੜਾ ਵਧੀਆ ਸ਼ਿਕਾਰੀ ਸੀ।

ਮਾਲੀ : ਯੂਅਰ ਐਕਸੀਲੈਂਸੀ, ਤੁਸੀਂ ਅਲੈਗਜੈਂਡਰ ਨੂੰ ਮੌਤ ਦਾ ਦੰਢ ਨਹੀਂ ਦਿਓਗੇ।

ਆਰਡਨ : ਨਹੀਂ, ਭਲਾ ਮੈਂ ਕਿਵੇਂ ਦੇ ਸਕਦਾ ਹਾਂ ?

ਮਾਲੀ : ਪਰ ਲੋਕ ਕਹਿੰਦੇ ਹਨ ਕਿ ਪ੍ਰਸ਼ਾਸਨੀ ਉਪਚਾਰ ਦੀ ਖਾਤਰ ਉਹ ਸਜ਼ਾ ਤੁਸੀਂ ਹੀ ਸੁਣਾਓਗੇ।

*(ਮੇਅਰ ਕੁਰਸੀ ਦੀ ਬੈਕ ਨੂੰ ਜ਼ੋਰ ਦੀ ਪਕੜਦਾ ਹੈ।)*

ਆਰਡਨ : ਮਾਲੀ, ਮੈਨੂੰ ਇਹ ਦੱਸ - ਕੀ ਲੋਕ ਅਮਨ-ਅਮਾਨ ਨਾਲ ਰਹਿਣਾ ਚਾਹੁੰਦੇ ਹਨ ?

ਮਾਲੀ : ਅੱਛਾ, ਤੇ ਕੀ ਉਨ੍ਹਾਂ ਨੂੰ ਪਤਾ ਹੈ ਕਿ ਆਜ਼ਾਦੀ ਕਿਵੇਂ ਹਾਸਲ ਕੀਤੀ ਜਾ ਸਕਦੀ ਹੈ ? ਕੀ ਉਹ ਜਾਣਦੇ ਹਨ ਕਿ ਕਿਸੇ ਸ਼ਸਤਰਧਾਰੀ ਸੈਨਾ ਦਾ ਟਾਕਰਾ ਕਿਵੇਂ ਕਰੀਦੈ ? ਤੂੰ ਇਕ ਸਿਆਣੀ ਕੁੜੀ ਏਂ, ਤੈਨੂੰ ਤਾਂ ਪਤਾ ਹੋਣੈ... ਚੱਲ ਮੈਂ ਦੱਸ ਦੇਨਾ ਹਾਂ... ਇਸ ਨਗਰ ਦਾ ਮੇਅਰ ਹੋਣ ਦੇ ਨਾਤੇ ਦੱਸ ਦੇਂਦਾ ਹਾਂ, ਹਾਰਦੇ ਉਹ ਹਨ, ਮਰਦੇ ਉਹ ਹਨ ਜੋ ਸਾਹਸਹੀਣ ਤੇ ਨਿਰਬਲ ਹੋਣ... ਜਾਗਦੇ ਲੋਕਾਂ ਨੂੰ ਪ੍ਰਚੰਡ ਆਤਮਾ ਵਾਲੇ ਲੋਕਾਂ ਨੂੰ ਬਹੁਤੀ ਦੇਰੀ ਗੁਲਾਮ ਨਹੀਂ ਰੱਖਿਆ ਜਾ ਸਕਦਾ। ਮੇਰੇ ਲੋਕ ਸੈਨਿਕਾਂ ਨੂੰ ਦੱਸ ਦੇਣਾ ਚਾਹੁੰਦੇ ਹਨ ਕਿ ਉਨ੍ਹਾਂ ਨੇ ਹਾਰ ਨੂੰ ਪ੍ਰਵਾਨ ਨਹੀਂ ਕੀਤਾ... ਉਨ੍ਹਾਂ ਨੂੰ ਲੜਣ ਦਾ ਮੌਕਾ ਹੀ ਨਹੀਂ ਮਿਲਿਆ। ਨਿਹੱਥਿਆਂ ਨੂੰ ਮਸ਼ੀਨਗੰਨਾਂ ਨਾਲ ਭੁੰਨ ਸੁੱਟਣਾ, ਇਹ ਕੋਈ ਯੁੱਧ ਥੋੜਾ ਹੁੰਦਾ ਹੈ... ਮੈਂ ਅਲੈਗਜੈਂਡਰ ਨੂੰ ਕੋਈ ਦੰਡ ਨਹੀਂ ਦੇਵਾਂਗਾ। ਉਹਨੇ ਨਗਰ ਵਾਸੀਆਂ ਵਿਰੁੱਧ ਕੋਈ ਅਪਰਾਧ ਨਹੀਂ ਕੀਤਾ, ਮੇਰੀ ਬੱਚੀ ਮੇਰੇ 'ਤੇ ਯਕੀਨ ਰੱਖ।

ਮਾਲੀ : ਥੈਂਕਯੂ, ਯੂਅਰ ਐਕਸੀਲੈਂਸੀ... (ਵਾਪਸ ਮੁੜਦੀ ਹੈ, ਜਾਜ਼ਿਫ ਅੰਦਰ ਪਧਾਰਦਾ ਹੈ।)

ਜਾਜ਼ਿਫ : ਖਿਮਾ ਕਰਨਾ, ਯੂਅਰ ਐਕਸੀਲੈਂਸੀ, ਕਰਨਲ ਸਾਹਿਬ ਤੁਹਾਨੂੰ ਮਿਲਣਾ ਚਾਹੁੰਦੇ ਨੇ। ਮਾਲੀ ਤੁਹਾਡੇ ਨਾਲ ਗੱਲਾਂ ਕਰ ਰਹੀ ਸੀ, ਇਸ ਲਈ ਮੈਂ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਤੁਸੀਂ ਕੁਝ ਚਿਰ ਲਈ ਰੁੱਝੇ ਹੋਏ ਹੋ।

ਆਰਡਨ : ਉਨ੍ਹਾਂ ਨੂੰ ਲੈ ਆ... ਹਾਂ ਤੇ ਐਨੀ ਨੂੰ ਕਹਿ ਕਿ ਉਹ ਮਾਲੀ ਮਾਰਡੇਨ ਕੋਲ ਚਲੀ ਜਾਏ। ਉਹਦੇ ਮੁਹੱਲੇ ਦੀਆਂ ਔਰਤਾਂ ਨਾਲ ਗੱਲ ਕਰਕੇ ਕਹੇ ਕਿ ਮਾਲੀ ਨੂੰ ਇਕੱਲਿਆਂ ਨਾ ਛੱਡਣ। ਕੋਈ ਨਾ ਕੋਈ ਉਹਦੇ

ਕੋਲ ਜ਼ਰੂਰ ਰਹੇ... ਉਸਨੂੰ ਇਸ ਵੇਲੇ ਸਾਥ ਦੀ ਲੋੜ ਹੈ, ਕਰਨਲ ਸਾਹਿਬ ਨੂੰ ਅੰਦਰ ਲੈ ਆ...

ਜਾਜ਼ਿਫ : ਜੀ ਯੂਅਰ ਐਕਸੀਲੈਂਸੀ...

*(ਦਰਵਾਜ਼ਾ ਖੁਲ੍ਹਦਾ ਹੈ, ਕਰਨਲ ਲਾਂਸਰ ਅੰਦਰ ਆਉਂਦਾ ਹੈ।)*

ਲਾਂਸਰ : ਯੂਅਰ ਐਕਸੀਲੈਂਸੀ, ਮੈਂ ਤੁਹਾਡੇ ਲਈ ਕੁਝ ਜ਼ਰੂਰੀ ਗੱਲਾਂ ਕਰਨੀਆਂ ਹਨ, ਪਰ ਸਿਰਫ਼ ਤੁਹਾਡੇ ਨਾਲ ਇਕੱਲਿਆਂ...

*(ਵਿੰਟਰ ਉਠਦਾ ਹੈ। ਜਾਣ ਲਈ ਦਰਵਾਜ਼ੇ ਵੱਲ ਕਦਮ ਵਧਾਉਂਦਾ ਹੈ।)*

ਆਰਡਨ : ਡਾਕਟਰ, ਸ਼ਾਮ ਨੂੰ ਆਉਗੇ ਨਾ ?

ਵਿੰਟਰ : ਕਿਉਂ ਕੋਈ ਖਾਸ ਗੱਲ ਹੈ ?

ਆਰਡਨ : ਨਹੀਂ ਖਾਸ ਗੱਲ ਤਾਂ ਕੋਈ ਨਹੀਂ... ਪਰ ਇਕੱਲਿਆਂ ਮੇਰਾ ਦਿਲ ਨਹੀਂ ਲਗਦਾ...

ਵਿੰਟਰ : ਤਾਂ ਮੈਂ ਜਾਵਾਂਗਾ... ਹਾਂ ਮਾਲੀ ਬਾਰੇ ਤੁਸੀਂ ਬਹੁਤੀ ਚਿੰਤਾ ਨਹੀਂ ਕਰਨਾ, ਉਹਦਾ ਘਬਰਾ ਜਾਣਾ ਕੁਦਰਤੀ ਹੈ। ਪਰ ਉਹ ਬੜੀ ਬਹਾਦਰ ਕੁੜੀ ਹੈ - ਸਾਡੇ ਸਾਰੇ ਲੋਕਾਂ ਵਾਂਗ। (ਜਾਂਦਾ ਹੈ)

ਲਾਂਸਰ : (ਮੇਅਰ ਦਾ ਉਦਾਸ ਮੂੰਹ ਵੇਖ ਕੇ) ਯੂਅਰ ਐਕਸੀਲੈਂਸੀ, ਮੈਨੂੰ ਤੁਹਾਡੇ ਫਿਕਰ ਦਾ ਪਤਾ ਹੈ... ਮੈਨੂੰ ਵੀ ਬਹੁਤ ਅਫ਼ਸੋਸ ਹੈ, ਕਾਸ਼ ਇਹ ਘਟਨਾ ਨਾ ਵਾਪਰਦੀ, ਇਹ ਤਾਂ ਤੁਹਾਨੂੰ ਪਤਾ ਏ ਮੈਂ ਤੁਹਾਡੀ ਬੜੀ ਇੱਜ਼ਤ ਕਰਦਾ ਹਾਂ ਪਰ ਮੈਂ ਆਪਣੀ ਡਿਊਟੀ ਵੀ ਕਰਨੀ ਹੈ ਨਾ। ਹੈ ਕਿ ਨਹੀਂ ? (ਆਰਡਨ ਕੋਈ ਜਵਾਬ ਨਹੀਂ ਦਿੰਦਾ, ਉਹ ਸੋਚਣ ਦੀ ਮੁਦਰਾ ਵਿਚ ਹੈ।) ਅਸੀਂ ਆਪ ਇਕੱਲਿਆਂ ਨਾ ਕੋਈ ਕਦਮ ਚੁੱਕ ਸਕਦੇ ਹਾਂ, ਤੇ ਨਾ ਹੀ ਕੋਈ ਫ਼ੈਸਲਾ ਲੈ ਸਕਦੇ ਹਾਂ – ਸਾਡਾ ਧਰਮ ਤਾਂ ਕਨੂੰਨ ਦਾ ਪਾਲਣ ਕਰਨਾ ਹੈ ਤੇ ਕਾਨੂੰਨ ਉਤੇ ਬਣਦਾ ਹੈ। (ਇਸ਼ਾਰਾ ਕਰਦਾ ਹੈ) ਇਹ ਆਦਮੀ ਇਕ ਸੈਨਾ ਅਧਿਕਾਰੀ ਨੂੰ ਮਾਰਨ ਦਾ ਦੋਸ਼ੀ ਹੈ, ਇਸ ਲਈ ਇਸ ਨੂੰ ਦੰਡ ਦੇਣਾ ਅਟੱਲ ਹੈ।

ਆਰਡਨ ਤਾਂ ਤੁਸਾਂ ਉਸਨੂੰ ਉਸ ਵੇਲੇ ਗੋਲੀ ਨਾਲ ਕਿਉਂ ਨਾ ਉਡਾ ਦਿੱਤਾ ? ਉਸ ਵੇਲੇ ਤੁਹਾਨੂੰ ਕੌਣ ਰੋਕ ਸਕਦਾ ਸੀ ?

ਲਾਂਸਰ : (ਫ਼ੌਜੀ ਲਹਿਜੇ ਵਿਚ) ਨਹੀਂ, ਯੂਅਰ ਐਕਸੀਲੈਂਸੀ, ਮੈਂ ਤੁਹਾਡੇ ਨਾਲ ਸਹਿਮਤ ਨਹੀਂ, ਤੁਸੀਂ ਤੇ ਮੈਂ ਦੋਵੇਂ ਜਾਣਦੇ ਹਾਂ ਕਿ ਦੰਡ ਦੇਣ ਦਾ ਮੰਤਵ ਤਾਂ ਦੂਜਿਆਂ ਨੂੰ ਕੰਨ ਕਰਨਾ ਹੁੰਦਾ ਹੈ ਕਿ ਉਹ ਨਾ ਕਦੇ ਅਜਿਹੀ ਹਰਕਤ ਕਰਨ। ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ

ਜ਼ਰੂਰੀ ਹੈ ਕਿ ਦੰਡ ਆਮ ਲੋਕਾਂ ਦੇ ਸਾਹਮਣੇ ਤੇ ਬੜੇ ਨਾਟਕੀ ਢੰਗ ਨਾਲ ਦਿੱਤਾ ਜਾਵੇ... ਤੁਸੀਂ ਜਾਣਦੇ ਹੋ, ਯੂਅਰ ਐਕਸੀਲੈਂਸੀ, ਜੋ ਤੁਹਾਡੇ ਆਦਮੀ ਗੜਬੜ ਫੈਲਾਉਣਗੇ ਤਾਂ ਅਸੀਂ ਉਨ੍ਹਾਂ ਨੂੰ ਜ਼ਬਰ ਨਾਲ ਦਬਾਵਾਂਗੇ। ਲੋੜ ਪੈਣ 'ਤੇ ਅਸੀਂ ਗੋਲੀ ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਾਂਗੇ। ਇਸ ਲਈ ਜੇ ਤੁਸੀਂ ਆਪਣੇ ਆਦਮੀਆਂ ਨੂੰ ਖਾਹ-ਮ-ਖਾਹ ਦੀਆਂ ਮੁਸੀਬਤਾਂ ਤੋਂ ਬਚਾਉਣਾ ਚਾਹੁੰਦੇ ਹੋ ਤਾਂ ਅਮਨ ਕਾਇਮ ਕਰਨ ਲਈ ਸਾਡੀ ਸਹਾਇਤਾ ਕਰੋ। ਮੇਰੀ ਸਰਕਾਰ ਸਮਝਦੀ ਹੈ ਕਿ ਜੇ ਦੰਡ ਸਥਾਨਕ ਪ੍ਰਸ਼ਾਸਕ ਵੱਲੋਂ ਦਿੱਤਾ ਜਾਏ ਤਾਂ ਲੋਕਾਂ ਉਤੇ ਉਸਦਾ ਪ੍ਰਭਾਵ ਵਧੇਰੇ ਪੈਂਦਾ ਹੈ।

ਆਰਡਨ : (ਹੌਲੇ ਜਿਹੇ) ਹੂੰ... ਤਾਂ ਲੋਕਾਂ ਨੂੰ ਠੀਕ ਹੀ ਪਤੈ, ਇਹ ਵੀ ਅਜੀਬ ਗੱਲ ਹੈ - (ਉੱਚੀ ਅਵਾਜ਼ ਵਿਚ) ਤਾਂ ਤੁਸੀਂ ਚਾਹੁੰਦੇ ਹੋ ਕਿ ਮੁਕੱਦਮੇ ਤੋਂ ਪਿਛੋਂ ਅਲੈਗਜੈਂਡਰ ਮਾਰਡੇਨ ਨੂੰ ਮੌਤ ਦੀ ਸਜ਼ਾ ਮੈਂ ਆਪਣੇ ਮੂੰਹੋਂ ਸੁਣਾਵਾਂ ?

ਲਾਂਸਰ : ਜੀ ਹਾਂ, ਜੇ ਤੁਸੀਂ ਇੰਝ ਕਰੋ ਤਾਂ ਅੱਗੋ ਲਈ ਖ਼ੂਨ ਖਰਾਬਾ ਰੁੱਕ ਸਕਦਾ ਹੈ।

*(ਆਰਡਨ ਮੂਵਮੈਂਟ ਦਿੰਦਾ ਹੈ - ਤੇ ਫੇਰ ਅਰਾਮ ਨਾਲ ਕੁਰਸੀ 'ਤੇ ਬੈਠ ਕੇ ਉਂਗਲਾਂ ਦੀ ਤਾਲ ਦਿੰਦਾ ਹੈ।)*

ਆਰਡਨ : ਕਰਨਲ ਸਾਹਿਬ... ਇਹ ਨਹੀਂ ਹੋ ਸਕਦਾ, ਜੋ ਕੁਝ ਤੁਸੀਂ ਚਾਹੁੰਦੇ ਹੋ, ਉਹ ਨਾਮੁਮਕਿਨ ਹੈ। ਮੈਨੂੰ ਮੌਤ ਦੀ ਸਜ਼ਾ ਦੇਣ ਦਾ ਤਾਂ ਅਧਿਕਾਰ ਹੀ ਨਹੀਂ। ਬਲਕਿ ਸਾਡੇ ਪੂਰੇ ਨਗਰ ਵਿਚ ਕਿਸੇ ਨੂੰ ਵੀ ਇਹ ਅਧਿਕਾਰ ਹੈ ਹੀ ਨਹੀਂ। ਜੇ ਮੈਂ ਇੰਝ ਕਰਾਂਗਾ ਤਾਂ ਮੈਂ ਵੀ ਆਪਣੇ ਨਗਰ ਦੇ ਕਾਨੂੰਨ ਨੂੰ ਇਵੇਂ ਹੀ ਭੰਗ ਕਰ ਰਿਹਾ ਹੋਵਾਂਗਾ, ਜਿਵੇਂ ਤੁਸਾਂ ਕੀਤਾ ਹੈ।

ਲਾਂਸਰ : ਕਾਨੂੰਨ ਭੰਗ ?... ਅਸਾਂ ?... ਇਹ ਤੁਸੀਂ ਕੀ ਕਹਿ ਰਹੇ ਹੋ ?

ਆਰਡਨ : ਜਦੋਂ ਤੁਸੀਂ ਸਾਡੇ ਨਗਰ 'ਤੇ ਧਾਵਾ ਬੋਲਿਆ ਸੀ ਤੇ ਸਾਡੇ ਛੇ ਸੈਨਿਕ ਅਨਿਆਈ ਮੌਤ ਮਰ ਗਏ ਸਨ। ਸਾਡੇ ਕਾਨੂੰਨ ਅਨੁਸਾਰ ਤੁਸੀਂ ਲੋਕ ਕਤਲ ਦੇ ਦੋਸ਼ੀ ਹੋ, ਚੱਕਰ ਵਿਚ ਕਿਉਂ ਪੈਂਦੇ ਹੋ ? ਹੁਣ ਸਾਡੇ ਸਬੰਧ ਕਾਨੂੰਨ ਉਤੇ ਅਧਾਰਿਤ ਨਹੀਂ। ਅਸੀਂ ਯੁੱਧ ਲੜ ਰਹੇ ਹਾਂ, ਕੀ ਤੁਹਾਨੂੰ ਪਤਾ ਨਹੀਂ ਕਿ ਅਖੀਰ ਵਿਚ ਜਾਂ ਤਾਂ ਤੁਹਾਨੂੰ-ਸਾਨੂੰ ਸਾਰਿਆਂ ਨੂੰ ਮਾਰ ਦੇਣਾ ਪਵੇਗਾ, ਨਹੀਂ ਤਾਂ ਅਸੀਂ ਤੁਹਾਨੂੰ ਇਕ-ਇਕ ਕਰਕੇ ਮਾਰ ਸੁਟਾਂਗੇ... ਜਦੋਂ ਤੁਸਾਂ ਸਾਡੇ ਉਤੇ ਧਾਵਾ ਕੀਤਾ ਤਾਂ ਤੁਸੀਂ ਕਾਨੂੰਨ ਨੂੰ ਭੀ ਬੇਕਦਰੀ ਨਾਲ ਕੁਚਲਿਆ... ਹੁਣ

ਉਸਦੀ ਥਾਂ ਇਕ ਹੋਰ ਕਾਨੂੰਨ ਲਾਗੂ ਹੋ ਚੁੱਕਾ ਹੈ। ਤੁਸੀਂ ਇਤਨਾ ਵੀ ਨਹੀਂ ਜਾਣਦੇ ?

ਲਾਂਸਰ : (ਜੋ ਹੁਣ ਤੱਕ ਖੜਾ ਸੀ, ਸ਼ਾਇਦ ਖੜਾ ਖੜਾ ਥੱਕ ਗਿਆ ਸੀ) ਜੇ ਤੁਸੀਂ ਆਗਿਆ ਦੇਵੋ ਤਾਂ ਮੈਂ ਬੈਠ ਜਾਵਾਂ ?

ਆਰਡਨ : ਇਸ ਵਿਚ ਭਲਾ ਪੁੱਛਣ ਦੀ ਕੀ ਲੋੜ ਹੈ ? ਇਹ ਵੀ ਤਾਂ ਇਕ ਪਾਖੰਡ ਹੈ। ਕਿਉਂਕਿ ਹਕੀਕਤ ਤਾਂ ਇਹ ਹੈ ਕਿ ਜੇ ਤੁਸੀਂ ਚਾਹੋ ਤਾਂ ਮੈਨੂੰ ਖੜਾ ਰੱਖ ਸਕਦੇ ਹੋ ?

ਲਾਂਸਰ : ਇਹ ਗੱਲ ਨਹੀਂ, ਯੂਅਰ ਐਕਸੀਲੈਂਸੀ, ਮੈਂ ਨਿੱਜੀ ਤੌਰ 'ਤੇ ਤੁਹਾਡਾ ਬੜਾ ਸਨਮਾਨ ਕਰਦਾ ਹਾਂ – ਪਰ ਮੇਰੀਆਂ ਆਪਣੀਆਂ ਮਜ਼ਬੂਰੀਆਂ ਹਨ, ਇਕ ਸੈਨਿਕ ਅਧਿਕਾਰੀ ਦੀ ਹੈਸੀਅਤ ਵਿਚ - ਹਾਂ ਮਜ਼ਬੂਰੀਆਂ ਹਨ, ਇਸ ਖਾਨ ਮਜ਼ਦੂਰ ਨੂੰ ਸਾਰਿਆਂ ਦੇ ਸਾਹਮਣੇ ਗੋਲੀ ਮਾਰਨੀ ਅਤਿਅੰਤ ਜ਼ਰੂਰੀ ਹੈ ਤਾਂ ਜੋ ਮੁੜ ਇਥੋਂ ਦੇ ਲੋਕ ਸਾਡੇ ਕਿਸੇ ਹੋਰ ਆਦਮੀ ਨੂੰ ਮਾਰਨ ਦੀ ਜ਼ੁਰਅਤ ਨਾ ਕਰਨ।

ਆਰਡਨ : ਜੇ ਤੁਸੀਂ ਫ਼ੈਸਲਾ ਕਰ ਲਿਆ ਹੈ ਤਾਂ ਹੋਰ ਗੱਲਬਾਤ ਫਜ਼ੂਲ ਹੈ।

ਲਾਂਸਰ : ਸਾਨੂੰ ਤੁਹਾਡੀ ਸਹਾਇਤਾ ਦੀ ਲੋੜ ਹੈ - ਇਸ ਲਈ ਗੱਲਬਾਤ ਤਾਂ ਕਰਨੀ ਹੀ ਪਵੇਗੀ...

ਆਰਡਨ : (ਕੁਝ ਚਿਰ ਚੁੱਪ) ਕਰਨਲ... ਜਿਸ ਮਸ਼ੀਨਗਨ ਨਾਲ ਸਾਡੇ ਸੈਨਿਕ ਮਾਰੇ ਗਏ ਸਨ, ਉਸਨੂੰ ਕਿਤਨੇ ਕੁ ਆਦਮੀਆਂ ਨੇ ਚਲਾਇਆ ਹੋਵੇਗਾ ?

ਲਾਂਸਰ : ਮੇਰੇ ਖਿਆਲ ਵਿਚ ਵੀਹ ਤੋਂ ਵੱਧ ਨਹੀਂ ਹੋਣਗੇ।

ਆਰਡਨ : ਚੰਗਾ, ਜੇ ਤੁਸੀਂ ਉਨ੍ਹਾਂ ਵੀਹ ਆਦਮੀਆਂ ਨੂੰ ਗੋਲੀ ਮਾਰ ਦਿਓਗੇ ਤਾਂ ਮੈਂ ਅਲੈਗਜੈਂਡਰ ਨੂੰ ਵੀ ਮੌਤ ਦਾ ਦੰਡ ਦੇ ਦੇਵਾਂਗਾ।

ਲਾਂਸਰ : ਤੁਸੀਂ ਤਾਂ ਮਜ਼ਾਕ ਕਰ ਰਹੇ ਹੋ ?

ਆਰਡਨ : ਨਹੀਂ ਇਹ ਗੱਲ ਮੈਂ ਬਿਲਕੁਲ ਮਜ਼ਾਕ ਵਿਚ ਨਹੀਂ ਆਖੀ...

ਲਾਂਸਰ : ਤੁਹਾਨੂੰ ਪਤਾ ਹੀ ਹੈ ਕਿ ਇਹ ਨਹੀਂ ਹੋ ਸਕਦਾ।

ਆਰਡਨ : ਜੀ ਹਾਂ, ਮੈਨੂੰ ਪਤੈ... ਤੇ ਜੋ ਕੁਝ ਤੁਸੀਂ ਚਾਹੁੰਦੇ ਹੋ ਉਹ ਵੀ ਨਹੀਂ ਹੋ ਸਕਦਾ।

ਲਾਂਸਰ : (ਵਕਫਾ) ਤੁਸੀਂ ਜਾਣਦੇ ਹੋ ਕਿ ਸਾਡਾ ਕੰਮ ਬੜੀ ਸਖ਼ਤ ਜ਼ਿੰਮੇਵਾਰੀ ਵਾਲਾ ਹੈ।

ਆਰਡਨ : ਹਾਂ ਤੁਹਾਡਾ ਕੰਮ ਬੜੀ ਸਖ਼ਤ ਜ਼ਿੰਮੇਵਾਰੀ ਵਾਲਾ ਹੈ - ਪਰ ਅਸੰਭਵ ਵੀ ਹੈ।

ਲਾਂਸਰ : ਮਤਲਬ ?

ਆਰਡਨ : ਮਤਲਬ ਏ ਕਿ ਤੁਹਾਡੇ ਜ਼ਿੰਮੇ ਕੰਮ ਲਾਇਆ ਗਿਆ ਹੈ ਕਿ ਮਨੁੱਖ ਦੀ ਆਤਮਾ ਨੂੰ ਸਦਾ ਲਈ ਕੁੱਚਲ ਦੇਵੋ – ਪਰ ਇਹ ਅਸੰਭਵ ਹੈ - ਇਹ ਇਕ ਇਤਿਹਾਸਕ ਸਚਾਈ ਹੈ ਪਰ ਇਹ ਵੀ ਹਕੀਕਤ ਹੈ ਕਿ ਜਰਵਾਨਿਆਂ ਨੇ ਇਤਿਹਾਸ ਤੋਂ ਕਦੀ ਕੁਝ ਨਹੀਂ ਸਿੱਖਿਆ... ਕਰਨਲ ਤੁਸੀਂ ਆਪਣਾ ਕੰਮ ਕਰੋ – ਮੈਂ ਆਪਣਾ ਕੰਮ ਕਰਾਂਗਾ... ਹਾਂ ਏਨਾ ਜ਼ਰੂਰ ਕਹਾਂਗਾ, ਲੋਕ ਹਾਰਦੇ ਨਹੀਂ।

ਲਾਂਸਰ : ਠੀਕ ਹੈ... ਪਰ ਤੁਸੀਂ ਦੱਸੋ ਸੁਣਵਾਈ ਵੇਲੇ ਤੁਸੀਂ ਹਾਜ਼ਰ ਹੋਵੋਗੇ ?

ਆਰਡਨ : ਜ਼ਰੂਰ ਹਾਜ਼ਰ ਹੋਵਾਂਗਾ... ਤਾਂ ਜੋ ਅਲੈਗਜੈਂਡਰ ਇਕੱਲਾ ਮਹਿਸੂਸ ਨਾ ਕਰੇ।

*(ਪਹਿਲਾਂ ਵਾਲਾ ਦ੍ਰਿਸ਼ ਜਾਰੀ ਹੈ।ਫੇਡ ਆਊਟ ਦੇ ਬਾਅਦ ਫੇਡ ਇਨ ਹੁੰਦਾ ਹੈ - ਹੁਣ ਕੋਰਟ ਲੱਗੀ ਹੋਈ ਹੈ - ਕਰਨਲ ਲਾਂਸਰ, ਮੇਅਰ ਆਰਡਨ, ਕਪਤਾਨ ਲਾਫਟ, ਪ੍ਰੋਕਿਲ, ਮੇਜ਼ਰ ਟੈਡਰ ਸਭ ਹਾਜ਼ਰ ਹਨ, ਅਲੈਗਜੈਂਡਰ 2 ਗਾਰਡਾਂ ਦੇ ਦਰਮਿਆਨ ਖੜ੍ਹਾ ਹੈ–ਲਾਈਟ ਪੂਰੀ ਹੋਣ 'ਤੇ...)*

ਲਾਂਸਰ : ਕਪਤਾਲ ਲਾਫਟ, ਕਾਰਵਾਈ ਸ਼ੁਰੂ ਕਰੋ।

ਲਾਫਟ : (ਇਕ ਵੱਡੀ ਸਾਰੀ ਮਿਸਲ ਖੋਲਦਾ ਹੈ ਤੇ ਪੜ੍ਹਣ ਲਗਦਾ ਹੈ) ਜਦੋਂ ਉਸਨੂੰ ਮੁੜ ਕੰਮ ਉਤੇ ਲਾਉਣ ਦਾ ਆਦੇਸ਼ ਦੁਬਾਰਾ ਸੁਣਾਇਆ ਗਿਆ ਤਾਂ ਦੋਸ਼ੀ ਨੇ ਆਪਣੀ ਗੈਂਤੀ ਨਾਲ ਕਪਤਾਲ ਲਾਫਟ ਉਤੇ ਹਮਲਾ ਕਰ ਦਿੱਤਾ। ਅਚਾਨਕ ਕਪਤਾਨ ਬੈਟਿੰਕ ਵਿਚਾਲੇ ਆ ਗਏ ਤੇ...

*(ਇਥੇ ਮੇਅਰ ਆਰਡਨ ਹੌਲੀ ਜਿਹੇ ਖੰਘਦਾ ਹੈ, ਲਾਫਟ ਦੇ ਬੋਲਣ ਵਿਚ ਵਿਘਨ ਪੈਂਦਾ ਹੈ।)*

ਮੇਅਰ : ਅਲੈਗਜੈਂਡਰ, ਤੂੰ ਬੈਠ ਜਾ, ਤੂੰ ਥੱਕ ਜਾਵੇਂਗਾ (ਗਾਰਡਾਂ ਨੂੰ) ਭਾਈ ਤੁਹਾਡੇ ਵਿਚੋਂ ਕੋਈ ਇਸਨੂੰ ਇਕ ਕੁਰਸੀ ਹੀ ਲਿਆ ਦਿਓ।

*(ਇਕ ਗਾਰਡ ਇਕ ਕੁਰਸੀ ਖਿੱਚ ਕੇ ਲਿਆ ਦੇਂਦਾ ਹੈ।)*

ਲਾਫਟ : (ਗੁੱਸੇ ਤੇ ਖਿੱਝ ਦਾ ਪ੍ਰਭਾਵ ਦੇਂਦਾ ਹੈ) ਨਿਯਮਾਂ ਅਨੁਸਾਰ ਦੋਸ਼ੀ ਨੂੰ ਖੜ੍ਹਾ ਰਹਿਣਾ ਚਾਹੀਦਾ ਹੈ।

ਮੇਅਰ : ਇਸ ਨੂੰ ਬਹਿ ਜਾਣ ਦਿਓ... ਰਿਪੋਰਟ ਵਿਚ ਲਿਖ ਦੇਣਾ ਇਹ ਖਲੋਤਾ ਸੀ।

ਲਾਫਟ : ਰਿਪੋਰਟ ਵਿਚ ਝੂਠੀਆਂ ਗੱਲਾਂ ਲਿਖਣਾ ਜ਼ੁਰਮ ਹੈ।

ਮੇਅਰ : ਅਲੈਗਜੈਂਡਰ, ਬੈਠ ਜਾ। (ਐਲਗਜੈਂਡਰ ਬੈਠ ਜਾਂਦਾ ਹੈ।)

ਲਾਫਟ : ਇਹ ਤਾਂ ਸੈਨਿਕ ਮਰਿਯਾਦਾ ਦੇ ਸਰਾਸਰ ਵਿਰੁੱਧ... (ਲਾਂਸਰ

ਦਖ਼ਲਅੰਦਾਜ਼ੀ ਕਰਦਾ ਹੈ।)

ਲਾਂਸਰ : ਦੋਸ਼ੀ ਨੂੰ ਬੈਠਾ ਰਹਿਣ ਦਿਓ...

ਲਾਫਟ : (ਔਖਾ ਹੁੰਦਾ ਹੈ ਤੇ ਫਿਰ ਮਜ਼ਬੂਰ ਹੋ ਕੇ ਪੜ੍ਹਨਾ ਸ਼ੁਰੂ ਕਰ ਦਿੰਦਾ ਹੈ) ਕਪਤਾਨ ਬੈਟਿੰਕ ਵਿਚਾਲੇ ਆਏ ਤੇ ਇਸ ਨੇ ਉਨ੍ਹਾਂ ਉਤੇ ਇਤਨੇ ਜ਼ੋਰ ਨਾਲ ਗ਼ੈਤੀ ਦਾ ਵਾਰ ਕੀਤਾ ਕਿ ਉਨ੍ਹਾਂ ਦਾ ਸਿਰ ਪਾੜ ਦਿੱਤਾ।... ਡਾਕਟਰੀ ਰਿਪੋਰਟ ਵੀ ਨਾਲ ਨੱਥੀ ਹੈ। ਜੇ ਆਗਿਆ ਦਿਓ ਤਾਂ ਮੈਂ ਪੜ੍ਹ ਕੇ ਸੁਣਾਵਾਂ ?

ਲਾਂਸਰ : ਕੋਈ ਲੋੜ ਨਹੀਂ... ਇਸ ਮਾਮਲੇ ਨੂੰ ਜਿਤਨੀ ਛੇਤੀ ਹੋ ਸਕੇ ਖਤਮ ਕਰੋ।

ਲਾਫਟ : ਸਾਰੀ ਘਟਨਾ ਸਾਡੇ ਸੈਨਿਕਾਂ ਦੀਆਂ ਅੱਖਾਂ ਸਾਹਮਣੇ ਵਾਪਰੀ ਹੈ ਅਤੇ ਉਨ੍ਹਾਂ ਦੇ ਬਿਆਨ ਵੀ ਲਏ ਗਏ ਹਨ। ਸੈਨਿਕ ਅਦਾਲਤ ਦੋਸ਼ੀ ਨੂੰ ਕਾਤਲ ਠਹਿਰਾਉਂਦੀ ਹੈ ਅਤੇ ਉਸ ਲਈ ਮੌਤ ਦਾ ਦੰਡ ਤਜਵੀਜ਼ ਕਰਦੀ ਹੈ... ਜੇ ਤੁਸੀਂ ਆਖੋ ਤਾਂ ਮੈਂ ਤੁਹਾਨੂੰ ਸੈਨਿਕਾਂ ਦੇ ਬਿਆਨ ਵੀ ਪੜ੍ਹ ਕੇ ਸੁਣਾ ਦੇਵਾਂ ?

ਲਾਂਸਰ : ਨਹੀਂ... (ਅਲੈਗਜੈਂਡਰ ਨੂੰ ਸੰਬੋਧਨ ਕਰਕੇ) ਤੈਨੂੰ ਇਸ ਗੱਲ 'ਤੇ ਤਾਂ ਇਨਕਾਰ ਨਹੀਂ ਹੈ ਨਾ ਕਿ ਤੂੰ ਕਪਤਾਨ ਨੂੰ ਕਤਲ ਕੀਤਾ ਹੈ?

ਅਲੈਗਜੈਂਡਰ : (ਉਦਾਸ ਜਿਹੀ ਮੁਸਕਾਨ ਨਾਲ) ਮੈਂ ਉਸ ਉਤੇ ਵਾਰ ਜ਼ਰੂਰ ਕੀਤਾ ਸੀ। ਪਰ ਇਸ ਬਾਰੇ ਮੈਨੂੰ ਕੁਝ ਨਹੀਂ ਪਤਾ ਕਿ ਉਸਦੇ ਨਾਲ ਉਸਦੀ ਮੌਤ ਵੀ ਹੋ ਗਈ।

ਮੇਅਰ : ਖ਼ੂਬ, ਕਿੰਨਾ ਸੋਹਣਾ ਉੱਤਰ ਦਿੱਤਾ ਹੈ, ਅਲੈਗਜ਼ੈਂਡਰ।

*(ਆਰਡਨ ਤੇ ਅਲੈਗਜੈਂਡਰ ਇਕ ਦੂਜੇ ਵੱਲ ਵੇਖਦੇ ਹਨ, ਅਲੈਗਜ਼ੈਂਡਰ ਦੀਆਂ ਅੱਖਾਂ 'ਚ ਚਮਕ ਆਉਂਦੀ ਹੈ।)*

ਲਾਫਟ : (ਤਲਖ ਹੋ ਕੇ) ਤਾਂ ਕੀ ਤੂੰ ਕਹਿਣਾ ਚਾਹੁੰਦੈ ਕਿ ਉਸਨੂੰ ਕਿਸੇ ਹੋਰ ਨੇ ਕਤਲ ਕੀਤਾ ਏ ?

ਅਲੈਗਜੈਂਡਰ : ਮੈਂ ਕੀ ਕਹਿ ਸਕਦਾ ਹਾਂ ? ਮੈਂ ਉਸ ਉਤੇ ਗ਼ੈਤੀ ਦਾ ਇਕ ਵਾਰ ਕੀਤਾ ਹੀ ਸੀ ਕਿ ਕਿਸੇ ਨੇ ਜ਼ੋਰ ਨਾਲ ਮੇਰੇ ਸਿਰ ਵਿਚ ਕੁਝ ਮਾਰਿਆ। ਉਸ ਤੋਂ ਬਾਅਦ ਮੈਨੂੰ ਕੁਝ ਪਤਾ ਨਹੀਂ ਕਿ ਕੀ ਹੋਇਆ ?

ਲਾਂਸਰ : ਤੂੰ ਕੋਈ ਸਫ਼ਾਈ ਪੇਸ਼ ਕਰਨਾ ਚਾਹੁੰਦਾ ਏਂ ? ਉਂਝ ਮੇਰੇ ਖਿਆਲ ਵਿਚ ਇਸ ਨਾਲ ਤੈਨੂੰ ਦਿੱਤੇ ਜਾਣ ਵਾਲੇ ਦੰਡ ਵਿਚ ਕੋਈ ਫਰਕ ਨਹੀਂ ਪੈਣਾ। ਤਾਂ ਵੀ ਅਸੀਂ ਤੇਰੀ ਗੱਲ ਸੁਣਨ ਲਈ ਤਿਆਰ ਹਾਂ।

ਲਾਫਟ : (ਜਿਸ ਨੂੰ ਕਰਨਲ ਦੀ ਗੱਲ ਸੁਣ ਕੇ ਧੱਕਾ ਜਿਹਾ ਲਗਦਾ ਹੈ)

ਕਰਨਲ ਸਾਹਿਬ, ਮੈਂ ਪੂਰੇ ਸਤਿਕਾਰ ਨਾਲ ਪ੍ਰਾਥਨਾ ਕਰਦਾ ਹਾਂ ਕਿ ਆਪ ਨੂੰ ਇਸ ਤਰ੍ਹਾਂ ਨਹੀਂ ਕਹਿਣਾ ਚਾਹੀਦਾ ਸੀ, ਤੁਹਾਡੀ ਗੱਲ ਤੋਂ ਤਾਂ ਇਹ ਪ੍ਰਗਟ ਹੁੰਦਾ ਹੈ ਕਿ ਇਹ ਅਦਾਲਤ ਨਿਰਪੱਖ ਨਹੀਂ ਹੈ।

ਆਰਡਨ : (ਹੌਲੇ ਜਿਹੇ) ਇਸ ਵਿਚ ਸ਼ੱਕ ਵੀ ਕੀ ਏ ?

*(ਮੇਅਰ ਆਰਡਨ ਤਨਜੀਆ ਮੁਸਕਰਾਉਂਦਾ ਹੈ।)*

ਲਾਂਸਰ : ਹਾਂ ! ਅਲੈਗਜੈਂਡਰ ਤੂੰ ਕੋਈ ਸਫ਼ਾਈ ਪੇਸ਼ ਕਰਨੀ ਹੈ ?

ਅਲੈਗਜੈਂਡਰ : (ਸੱਜਾ ਹੱਥ ਚੁੱਕਣ ਦੀ ਕੋਸ਼ਿਸ਼ ਕਰਦਾ ਹੈ, ਪਰ ਹੱਥ ਬੰਨੇ ਹੋਏ ਹਨ।) ਮੈਂ ਪਾਗਲ ਜਿਹਾ ਹੋ ਗਿਆ ਸੀ। ਮੇਰਾ ਸੁਭਾਅ ਹੀ ਇਹੋ ਜਿਹਾ ਹੈ। ਜਦੋਂ ਇਸ ਨੇ ਮੇਰੇ 'ਤੇ ਖਾਹ-ਮ-ਖਾਹ ਰੁਅਬ ਪਾਇਆ ਅਤੇ ਧਮਕੀ ਦਿੱਤੀ ਕਿ ਮੈਨੂੰ ਕੰਮ ਕਰਨਾ ਹੀ ਪਵੇਗਾ ਤਾਂ ਮੈਨੂੰ ਗੁੱਸਾ ਆ ਗਿਆ। ਮੈਂ ਇਕ ਆਜ਼ਾਦ ਆਦਮੀ ਹਾਂ, ਕਿਸੇ ਦਾ ਗੁਲਾਮ ਨਹੀਂ ਹਾਂ। ਕੋਈ ਵੀ ਮੈਨੂੰ ਇਸ ਤਰ੍ਹਾਂ ਬੇਇੱਜ਼ਤ ਕਰਕੇ ਹੁਕਮ ਕਿਵੇਂ ਦੇ ਸਕਦਾ ਹੈ ? ਮੇਰੇ ਸਵੈਮਾਣ ਨੂੰ ਸੱਟ ਵੱਜੀ ਤਾਂ ਮੈਨੂੰ ਗੁੱਸਾ ਚੜ੍ਹ ਗਿਆ, ਅਜਿਹੀ ਅਵੱਸਥਾ ਵਿਚ ਹੀ ਮੈਂ ਉਸ ਉਤੇ ਹੱਥ ਚੁੱਕਿਆ।... ਹਾਲਾਂਕਿ ਮੈਂ ਉਸਨੂੰ ਮਾਰਨਾ ਨਹੀਂ ਸਾਂ ਚਾਹੁੰਦਾ। ਉਹ ਤਾਂ ਖਾਹ-ਮ-ਖਾਹ ਹੀ ਵਿਚ ਆ ਗਿਆ... (ਲਾਫਟ ਵੱਲ ਸੰਕੇਤ ਕਰਦਾ) ਅਸਲ ਵਿਚ ਮੈਂ ਤਾਂ ਵਾਰ ਇਸ ਆਦਮੀ 'ਤੇ ਕੀਤਾ ਸੀ।

ਲਾਂਸਰ : ਇਹ ਗੱਲ ਕਿ ਤੂੰ ਉਸਨੂੰ ਮਾਰਨਾ ਚਾਹੁੰਦਾ ਸੈਂ ਤੇ ਕਿਸਨੂੰ ਨਹੀਂ ? ਆਪਦੇ ਆਪ ਵਿਚ ਇਹ ਕੋਈ ਅਰਥ ਨਹੀਂ ਰੱਖਦੀ। ਕੋਈ ਵੀ ਹੁੰਦਾ, ਸਿੱਟਾ ਇਹੋ ਹੀ ਹੋਣਾ ਸੀ, ਤੂੰ ਇਹ ਦੱਸ, ਕੀ ਤੈਨੂੰ ਉਸ ਨੂੰ ਮਾਰ ਸੁੱਟਣ ਦਾ ਅਫ਼ਸੋਸ ਹੈ ? ਕਪਤਾਨ ਲਾਫਟ, ਰਿਕਾਰਡ ਵਿਚ ਇਹ ਲਿਖਣਾ ਜ਼ਿਆਦਾ ਠੀਕ ਹੋਵੇਗਾ ਕਿ ਦੋਸ਼ੀ ਆਪਣੀ ਕਰਨੀ ਉਤੇ ਪਸ਼ੇਮਾਨ ਹੈ।

*(ਅਲੈਗਜੈਂਡਰ ਇਕ ਗੁਸਤਾਖਾਨਾ ਮੁਸਕਰਾਹਟ ਦਿੰਦਾ ਹੈ।)*

ਅਲੈਗਜੈਂਡਰ : ਪਸ਼ੇਮਾਨ ? ਮੈਂ ਜ਼ਰਾ ਵੀ ਪਸ਼ੇਮਾਨ ਨਹੀਂ ਹਾਂ। ਇਹ ਆਦਮੀ ਮੈਨੂੰ ਧਮਕੀਆਂ ਦੇ ਰਿਹਾਂ ਸੀ ਤੇ ਮੇਰਾ ਨਿਰਾਦਰ ਕਰ ਰਿਹਾ ਸੀ। ਮੈਂ ਇਕ ਆਜ਼ਾਦ ਆਦਮੀ ਹਾਂ। ਮੈਂ ਪਹਿਲਾਂ ਕੋਲੇ ਦੀ ਖਾਨੇ ਵਿਚ ਮੁਖੀਆ ਸਾਂ। ਹੁਣ ਇਹ ਮੈਨੂੰ ਕੰਮ ਕਰਨ ਲਈ ਮਜ਼ਬੂਰ ਕਰ ਰਿਹਾ ਸੀ।

ਲਾਂਸਰ : ਕੀ ਇਹਜਾਣਦਿਆਂ ਹੋਇਆਂ ਵੀ ਕਿ ਇਸ ਗਲਤੀ ਦਾ ਦੰਡ ਮੌਤ ਹੈ, ਤੂੰ ਆਪਣੇ ਕੀਤੇ ਉਤੇ ਪਸ਼ੇਮਾਨ ਨਹੀਂ ਹੈ ?

ਅਲੈਗਜੈਂਡਰ : ਪਸ਼ੇਮਾਨ ਤੋਂ ਤੁਹਾਡਾ ਕੀ ਭਾਵ ਹੈ? ਕੀ ਇਹ ਇਹੋ ਜਿਹੀ ਸਥਿਤੀ ਵਿਚ ਮੈਂ ਮੁੜ ਇਹ ਹਰਕਤ ਨਹੀਂ ਕਰਾਂਗਾ?

ਲਾਂਸਰ : ਹਾਂ, ਹਾਂ, ਠੀਕ ਮੇਰਾ ਇਹੋ ਭਾਵ ਹੈ।

ਅਲੈਗਜੈਂਡਰ : (ਜ਼ੋਰ ਦੇ ਕੇ) ਤਾਂ ਨਹੀਂ... ਮੈਂ ਪਸ਼ੇਮਾਨ ਨਹੀਂ ਹਾਂ।

ਲਾਂਸਰ : ਚਲੋ ਨਾ ਸਈ... ਇਸ ਨਾਲ ਕੀ ਫਰਕ ਪੈਂਦਾ ਹੈ। ਕਪਤਾਨ ਲਾਫਟ, ਰਿਕਾਰਡ ਵਿਚ ਲਿਖ ਦਿਓ ਕਿ ਦੋਸ਼ੀ ਆਪਣੀ ਕਰਤੂਤ ਉਤੇ ਸ਼ਰਮਿੰਦਾ ਹੈ। ਇਸ ਜ਼ੁਰਮ ਦੀ ਸਜ਼ਾ ਤਾਂ ਨਿਸ਼ਚਿਤ ਹੀ ਹੈ... (ਅਲੈਗਜੈਂਡਰ ਨੂੰ) ਤੂੰ ਇਸ ਦਾ ਮਤਲਬ ਸਮਝਦਾ ਹੈ ਨਾ? ਸਾਡੇ ਸਾਹਮਣੇ ਹੋਰ ਕੋਈ ਰਾਹ ਨਹੀਂ ਹੈ। ਅਦਾਲਤ ਨੇ ਤੈਨੂੰ ਦੋਸ਼ੀ ਕਰਾਰ ਦਿੱਤਾ ਹੈ ਅਤੇ ਦੰਡ ਵਜੋਂ ਤੈਨੂੰ ਫੋਰਨ ਗੋਲੀ ਨਾਲ ਉਡਾ ਦੇਣ ਦਾ ਹੁਕਮ ਦਿੰਦੀ ਹੈ। ਮੈਂ ਤੇਰੇ ਕਸ਼ਟ ਦੀਆਂ ਘੜੀਆਂ ਨੂੰ ਲੰਬਾ ਨਹੀਂ ਕਰਨਾ ਚਾਹੁੰਦਾ... ਕਿਉਂ ਕਪਤਾਨ ਲਾਫਟ ਮੈਂ ਕੁਝ ਭੁੱਲ ਤਾਂ ਨਹੀਂ ਗਿਆ?

ਮੇਅਰ : ਤੁਸੀਂ ਮੈਨੂੰ ਭੁੱਲ ਗਏ ਹੋ ਕਰਨਲ...(ਮੇਅਰ ਉਠਦਾ ਹੈ, ਅਲੈਗਜੈਂਡਰ ਕੋਲ ਜਾਂਦਾ ਹੈ, ਅਲੈਗਜੈਂਡਰ ਸਤਿਕਾਰ ਵਜੋਂ ਉਠਦਾ ਹੈ) ਅਲੈਗਜੈਂਡਰ, ਤੈਨੂੰ ਪਤਾ ਹੈ ਨਾ ਕਿ ਮੈਂ ਇਸ ਨਗਰ ਦਾ ਲੋਕਾਂ ਵੱਲੋਂ ਚੁਣਿਆ ਹੋਇਆ ਮੇਅਰ ਹਾਂ?

ਅਲੈਗਜੈਂਡਰ : ਹਾਂ, ਯੂਅਰ ਐਕਸੀਲੈਂਸੀ, ਤੁਸੀਂ ਇਸ ਨਗਰ ਦੇ ਸਰਬਰਾਹ ਹੋ।

ਆਰਡਨ : ਤੇ ਇਹ ਲੋਕ ਧਾੜਵੀ ਨੇ, ਜਿਨ੍ਹਾਂ ਨੇ ਛਲ ਅਤੇ ਕਪਟ ਨਾਲ ਸਾਥੋਂ ਸਾਡਾ ਦੇਸ਼ ਖੋਹ ਲਿਆ ਹੈ।

*(ਕਪਤਾਨ ਲਾਫਟ ਗੁੱਸੇ ਨਾਲ ਉਠਦਾ ਹੈ।)*

ਲਾਫਟ : ਕਰਨਲ ਸਾਹਿਬ, ਮੇਅਰ ਨੂੰ ਇਸ ਤਰ੍ਹਾਂ ਦਾ ਕੁਫਰ ਤੋਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ।

ਲਾਂਸਰ : ਨਹੀਂ, ਲਾਫਟ, ਇਨ੍ਹਾਂ ਨੂੰ ਗੱਲਾਂ ਕਰ ਲੈਣ ਦੇ। ਕੱਢ ਲੈਣ ਦੇ ਇਨ੍ਹਾਂ ਨੂੰ ਆਪਣੇ ਦਿਲ ਦਾ ਗੁਬਾਰ। ਚੰਗਾ ਹੈ ਕਿ ਜੋ ਕੁਝ ਇਨ੍ਹਾਂ ਦੇ ਦਿਲ ਵਿਚ ਹੈ ਉਸ ਤੋਂ ਅਸੀਂ ਜਾਣੂੰ ਹੋ ਜਾਈਏ। ਕੀ ਤੂੰ ਚਾਹੁੰਦੈ ਕਿ ਇਹ ਲੋਕ ਸਾਥੋਂ ਚੋਰੀ ਗੋਸ਼ੇ ਕਰਨ।

ਆਰਡਨ : (ਇਨ੍ਹਾਂ ਤੋਂ ਬੇਧਿਆਨ ਹੋ ਕੇ) ਜਦੋਂ ਇਨ੍ਹਾਂ ਲੋਕਾਂ ਨੇ ਧਾਵਾ ਕੀਤਾ ਤਾਂ ਸਾਡੇ ਨਾਗਰਿਕ ਘਬਰਾ ਗਏ। ਮੇਰੀ ਆਪਣੀ ਸੁਰਤ ਵੀ ਟਿਕਾਣੇ ਨਹੀਂ ਸੀ ਰਹੀ। ਚੋਖੇ ਚਿਰ ਤੱਕ ਸਾਨੂੰ ਸਮਝ ਹੀ ਨਹੀਂ ਸੀ ਆਇਆ ਕਿ ਅਸੀਂ ਕੀ ਕਰੀਏ। ਜੋ ਕੁਝ ਤੂੰ ਕੀਤਾ ਹੈ, ਇਹ ਸ਼ਾਇਦ ਸਾਡੇ ਲੋਕਾਂ ਦੀ ਸੋਚਣੀ ਦਾ ਪਹਿਲਾ ਸਪਸ਼ਟ ਸੰਕੇਤ ਹੈ... ਤੇਰਾ

ਨਿੱਜੀ ਗੁੱਸਾ ਲੋਕ ਗੁੱਸੇ ਦਾ ਹੀ ਇਕ ਰੂਪ ਸੀ।

ਲਾਂਸਰ : ਬਸ ਯੂਅਰ ਐਕਸੀਲੈਂਸੀ, ਹੁਣ ਹੋਰ ਨਹੀਂ, ਕੈਪਟਨ ਲਾਫਟ ਕਾਗਜ਼ ਸਮੇਟੋ... ਕੀ ਦਸਤਾ ਹਾਜ਼ਰ ਹੈ ?

ਲਾਫਟ : ਹਾਂ ਜਨਾਬ।

ਲਾਂਸਰ : ਕੀ ਇਹ ਸਜ਼ਾ ਵੱਡੇ ਚੌਰਾਹੇ ਵਿਚ ਦਿੱਤੀ ਜਾਣੀ ਹੈ ?

ਲਾਫਟ : ਜੀ ਹਾਂ, ਇਹ ਸਜ਼ਾ ਸਾਰੇ ਲੋਕਾਂ ਦੀਆਂ ਨਜ਼ਰਾਂ ਸਾਹਮਣੇ ਹੀ ਦਿੱਤੀ ਜਾਣੀ ਹੈ, ਅਨੁਸ਼ਾਸਨ ਲਈ ਅਤੇ ਲੋਕਾਂ ਦੇ ਸਬਕ ਲਈ ਜ਼ਰੂਰੀ ਹੈ।

*(ਗਾਰਡ ਅਲੇਗਜੈਂਡਰ ਨੂੰ ਬਾਹਵਾਂ ਤੋਂ ਜਕੜਦੇ ਹਨ। ਅਲੈਗਜੈਂਡਰ ਮੇਅਰ ਵੱਲ ਵੇਖਦਾ ਹੈ, ਮੇਅਰ ਅਲਵਿਦਾ ਕਹਿੰਦਾ ਹੈ, ਗਾਰਡ ਅਲੈਗਜੈਂਡਰ ਨੂੰ ਲੈ ਕੇ ਤੁਰਦੇ ਹਨ, ਇਕ ਧਮਾਕਾ ਹੁੰਦਾ ਹੈ। ਇਕ ਗੋਲੀ ਥੋੜੀ ਜਿਹੀ ਹਫੜਾ ਦਫੜੀ ਅਤੇ ਭਗਦੜ ਦੀ ਅਵਾਜ਼ ਆਉਂਦੀ ਹੈ। ਪ੍ਰੋਕਿਲ ਅੱਖ 'ਤੇ ਹੱਥ ਰੱਖਦਾ ਹੈ।)*

ਲਾਂਸਰ : ਤਾਂ ਇਹ ਲੋਕ ਸਾਨੂੰ ਸਖ਼ਤੀ ਕਰਨ 'ਤੇ ਮਜ਼ਬੂਰ ਕਰਨਗੇ।

ਆਰਡਨ : ਹਾਂ, ਇਹ ਤਾਂ ਹੁਣ ਸਪਸ਼ਟ ਹੈ।

ਲਾਂਸਰ : ਕੀ ਸਪਸ਼ਟ ਹੈ ?

ਆਰਡਨ : ਕਿ ਯੁੱਧ ਹੁਣ ਸਪਸ਼ਟ ਰੂਪ ਵਿਚ ਸ਼ੁਰੂ ਹੋ ਚੁੱਕਾ ਹੈ, ਤੁਸੀਂ ਸਾਡੇ ਲੋਕਾਂ ਨੂੰ ਮਾਰੋਗੇ, ਅਸੀਂ ਤੁਹਾਨੂੰ ਮਾਰਾਂਗੇ - ਤੁਸੀਂ ਸਾਨੂੰ ਵਾਰ-ਵਾਰ ਸ਼ਿਕਸਤ ਦੇਵੋਗੇ - ਪਰ ਅਸੀਂ ਹਾਰਾਂਗੇ ਨਹੀਂ - ਵਾਰ ਵਾਰ ਲੜਾਂਗੇ... ਆਖਰ ਹਾਰੋਗੇ ਤੁਸੀਂ ਹੀ... ਕਿਉਂਕਿ ਤੁਸੀਂ ਧਾੜਵੀ ਹੋ - ਅਸੀਂ ਇਸ ਧਰਤੀ ਵਾਲੇ ਹਾਂ, ਅਲੈਗਜੈਂਡਰ ਦੀ ਸ਼ਹਾਦਤ ਇਕ ਗੱਲ ਦੀ ਗਵਾਹ ਹੈ, ਸੱਚ ਸਾਡੇ ਨਾਲ ਹੈ। ਅਲਵਿਦਾ ਮੇਰੇ ਦੋਸਤ...

*(ਕੈਪਟਨ ਲਾਫਟ ਆਪਣੀ ਪਿਸਤੌਲ ਕੱਢਣ ਦੇ ਰੌ ਵਿਚ ਹੈ, ਕਰਨਲ ਉਸਨੂੰ ਮਨ੍ਹਾਂ ਕਰਦਾ ਹੈ।)*

ਲਾਂਸਰ : ਨਹੀਂ ਕੈਪਟਨ, ਤੈਸ਼ ਵਿਚ ਆਉਣ ਦੀ ਲੋੜ ਨਹੀਂ... ਮੇਅਰ ਇਸ ਨਗਰ ਦੇ ਮੇਅਰ ਹੀ ਰਹਿਣਗੇ ਪਰ ਇਹ ਨਜ਼ਰਬੰਦ ਰਹਿਣਗੇ... ਸਾਡਾ ਹੁਕਮ ਹੁਣ ਨਗਰ 'ਤੇ ਲਾਗੂ ਹੋਵੇਗਾ ਪਰ ਉਹਦਾ ਐਲਾਨ ਮੇਅਰ ਦੇ ਕਥਿਤ ਦਸਤਖਤਾਂ ਥੱਲੇ ਹੋਵੇਗਾ... ਘਰ-ਘਰ ਤਲਾਸ਼ੀ ਲਵੋ, ਹਰ ਹਥਿਆਰ 'ਤੇ ਕਬਜ਼ਾ ਕਰੋ। ਜਾਓ ਆਪਣੀ ਕਾਰਵਾਈ ਜਾਰੀ ਰੱਖੋ।

*(ਹੌਲੇ-ਹੌਲੇ ਫੇਡ ਆਊਟ)*

(ਅਗਲਾ ਦ੍ਰਿਸ਼ ਮੱਧਮ ਰੋਸ਼ਨੀ ਅਤੇ ਕਿਧਰੇ-ਕਿਧਰੇ ਸਪਾਟ ਲਾਈਟ ਨਾਲ ਚਲਦਾ ਹੈ। ਕਾਲੇ ਕਪੜੇ ਦੀ ਬੁੱਕਲ ਵਿਚ 1, 2, 3 ਗੱਲਾਂ ਕਰਦੇ ਹਨ।

1. : ਪਤੈ ? ੇਅਰ ਸਾਹਿਬ ਨੂੰ ਘਰ ਕੈਦ ਕਰ ਦਿੱਤਾ ਗਿਆ ਹੈ।

2. : ਹਾਂ, ਉਨ੍ਹਾਂ ਨੇ ਅਲੈਗਜੈਂਡਰ ਦਾ ਡੱਟ ਕੇ ਸਾਥ ਦਿੱਤਾ।

3. : ਪਰ ਅਲੈਗਜੈਂਡਰ ਨੂੰ ਗੋਲੀ ਤਾਂ ਉਨ੍ਹਾਂ ਦੇ ਹੁਕਮ ਨਾਲ ਹੀ ਮਾਰੀ ਗਈ।

1. : ਤੈਨੂੰ ਕਿਸ ਤਰ੍ਹਾਂ ਪਤਾ ਏ ?

2. : ਹਾਂ, ਤੈਨੂੰ ਕਿਸ ਤਰ੍ਹਾਂ ਪਤਾ ਏ ?

3. : ਗੋਲੀ ਮਾਰ ਦੇਣ ਤੋਂ ਪਹਿਲਾਂ ਇਕ ਸੈਨਿਕ ਨੇ ਇਕ ਕਾਗਜ਼ 'ਤੇ ਪੜ੍ਹ ਕੇ ਇਹ ਹੁਕਮ ਸੁਣਾਇਆ - ਆਖਿਰ ਵਿਚ ਇਹ ਵੀ ਸੁਣਾਇਆ signed ਕੇ. ਆਰਡਨ, ਹਿਜ਼ ਐਕਸੀਲੈਂਸੀ ਦੀ ਮੇਅਰ - ਯਾਨੀ ਬਾ ਕਲਮ ਖੁਦ ਕੇ ਆਡਰਨ।

1. : ਪਾਖੰਡ

2. : ਝੂਠ

*(ਸਪਾਟ ਲਾਈਟ ਐਨੀ ਅਤੇ ਜਾਜ਼ਿਫ 'ਤੇ ਪੈਂਦੀ ਹੈ।)*

ਐਨੀ : ਜਾਜ਼ਿਫ, ਤੈਨੂੰ ਪਤਾ ਏ, ਜੰਗ ਸ਼ੁਰੂ ਹੋ ਗਈ ਹੈ ?

ਜਾਜ਼ਿਫ : ਨਗਰ ਵਿਚ ਤਾਂ ਸਾਰੇ ਕਰਫਿਊ ਲੱਗਾ ਹੋਇਆ ਹੈ।

ਐਨੀ : ਐਹੋ ਤਾਂ ਜੰਗ ਦਾ ਸੰਕੇਤ ਹੈ। ਉਰੇ ਆ... ਤੈਨੂੰ ਇਕ ਭੇਦ ਦੀ ਗੱਲ ਸੁਣਾਵਾਂ... ਐਡੀ ਅਤੇ ਹੈਨਰੀ ਵਾਪਸ ਆ ਗਏ ਹਨ, ਉਹ ਬਹੁਤ ਸਾਰਾ ਵਿਸਫੋਟ ਵਾਲਾ ਮਸਾਲਾ ਜਿਹੜਾ ਚਾਕਲੇਟ ਵਾਲੇ ਕਾਗਜ਼ਾਂ ਵਿਚ ਲਪੇਟਿਆ ਹੋਇਆ ਹੈ। ਘਰ-ਘਰ ਪੁਚਾ ਰਹੇ ਹਨ। ਹਰ ਵਿਸਫੋਟ ਦੇ ਪੈਕਟ ਵਿਚ ਇਤਨਾ ਕੁ ਮਸਾਲਾ ਹੈ ਕਿ ਜ਼ਮੀਨ 'ਤੇ ਜ਼ੋਰ ਨਾਲ ਮਾਰਨ 'ਤੇ ਫੱਟਦਾ ਹੈ ਤੇ ਦੁਸ਼ਮਣ ਦੇ ਇਕ ਸਿਪਾਹੀ ਨੂੰ ਥਾਂ ਹੀ ਚਿੱਤ ਕਰ ਦਿੰਦਾ ਹੈ।

ਜਾਜ਼ਿਫ : ਤਾਂ ਕੀ ਰਾਤੀਂ ਖਾਣੇ ਲਈ ਜਿਹੜੀ ਰੇਲ ਦੀ ਪਟੜੀ ਉਡਾ ਦਿੱਤੀ ਗਈ ਸੀ ਤਾਂ ਉਹ ਵੀ ਚਾਕਲੇਟ ਬੰਬ ਦੀ ਦੇਣ ਸੀ ?

ਐਨੀ : ਹਾਂ ਇਹ ਚਾਕਲੇਟ ਬੰਬ ਹਰ ਵਰਕਰ ਦੀ ਜੇਬ ਵਿਚ ਹੋ ਸਕਦਾ ਹੈ।

ਜਾਜ਼ਿਫ : ਪਰ ਖਾਨ ਦੇ ਅੰਦਰ ਲੰਘਣ ਤੋਂ ਪਹਿਲਾਂ ਹਰ ਵਰਕਰ ਦੀ ਤਲਾਸ਼ੀ ਲਈ ਜਾਂਦੀ ਹੈ।

ਐਨੀ : ਪਰ ਕਿਥੇ ਕਿਥੇ ਤਲਾਸ਼ੀ ਲੈਣਗੇ - ਚਾਕਲੇਟ ਬੰਬ ਬੂਟ ਵਿਚ ਵੀ

ਹੋ ਸਕਦਾ ਹੈ, ਜਰਾਬ ਵਿਚ ਵੀ ਹੋ ਸਕਦਾ ਹੈ, ਸਕਾਰਫ ਦੀ ਗੰਢ ਵਿਚ ਵੀ ਹੋ ਸਕਦਾ ਹੈ, ਟੋਪੀ ਵਿਚ ਵੀ ਹੋ ਸਕਦਾ ਹੈ, ਖੁਫੀਆ ਜੇਬ ਵਿਚ ਵੀ ਹੋ ਸਕਦਾ ਹੈ - ਜੰਗ ਸ਼ੁਰੂ ਹੈ।

ਜਾਜ਼ਿਫ : ਹਾਂ, ਜੰਗ ਸ਼ੁਰੂ ਹੈ, ਉਨ੍ਹਾਂ ਕੋਲ ਮਸ਼ੀਨਗੰਨਾਂ ਹਨ, ਲੋਕਾਂ ਕੋਲ ਚਾਕਲੇਟ ਬੰਬ, ਉਹ ਧਾੜਵੀ, ਲੋਕ ਲੜਾਕੂ – ਉਨ੍ਹਾਂ ਕੋਲ ਜ਼ੁਲਮ ਤੇ ਜ਼ਬਰ - ਲੋਕਾਂ ਕੋਲ ਇਰਾਦਾ ਤੇ ਸਬਰ।

ਐਨੀ : ਹਾਂ ਜੰਗ ਸ਼ੁਰੂ ਹੈ।

*(ਸਪਾਟ ਲਾਈਟ ਹੁਣ 1, 2, 3 'ਤੇ ਪੈਂਦੀ ਹੈ।)*

1\. : ਪਤਾ ਏ, ਮਾਲੀ ਦੇ ਘਰੋਂ ਉਨ੍ਹਾਂ ਦੇ ਅਫ਼ਸਰ ਦੀ ਲਾਸ਼ ਮਿਲੀ ਹੈ।

2\. : ਉਹ ਉਥੇ ਕਿਉਂ ਗਿਆ ਸੀ ?

3\. : ਉਹਨੇ ਸੋਚਿਆ ਹੋਣਾ ਏ ਕਿ ਅਲੈਗਜੈਂਡਰ ਦੀ ਮੌਤ ਤੋਂ ਬਾਅਦ ਮਾਲੀ ਘਰ ਇਕੱਲੀ ਹੋਵੇਗੀ।

1\. : ਹਾਂ ਉਹ ਇਕੱਲੀ ਹੀ ਸੀ, ਸਣਿਐ ਉਹ ਅਫ਼ਸਰ ਬਾਰ ਵਿਚੋਂ ਹੀ ਮਾਲੀ ਦੇ ਮਗਰ ਲਗ ਗਿਆ ਸੀ।

2\. : ਨਹੀਂ ਮਾਲੀ ਨੇ ਹੀ ਉਹਨੂੰ ਇਸ਼ਾਰਾ ਕੀਤਾ ਸੀ।

3\. : ਜਾਣ ਬੁਝ ਕੇ ਬੁਲਾਇਆ ਸੀ।

1\. : ਉਹਦੀ ਖਾਤਿਰਦਾਰੀ ਕੀਤੀ।

2\. : ਉਹਦੀ ਮਰਦ ਹੋਣ ਦੀ ਕਮਜ਼ੋਰੀ ਤੋਂ ਫਾਇਦਾ ਉਠਾਇਆ।

3\. : ਤੇ ਅਲੈਗਜੈਂਡਰ ਦੀ ਮੌਤ ਦਾ ਬਦਲਾ ਲੈ ਲਿਆ।

ਐਨੀ : ਤੇ ਜੰਗ ਜ਼ਾਰੀ ਹੈ।

ਜਾਜ਼ਿਫ : ਰਾਤ, ਜਿਸ ਜਹਾਜ਼ 'ਤੇ ਕੋਲਾ ਲੱਦਿਆ ਜਾ ਰਿਹਾ ਸੀ, ਉਸ ਨੂੰ ਅਚਾਨਕ ਅੱਗ ਲੱਗ ਗਈ, ਕੋਲੇ ਵਿਚ ਵਿਸਫੋਟਕ ਸਮੱਗਰੀ ਰੱਖ ਦਿੱਤੀ ਗਈ ਸੀ।

ਐਨੀ : ਉਹ ਕਿਸ ਤਰ੍ਹਾਂ ?

ਜਾਜ਼ਿਫ : ਇਕ ਟਾਈਮ ਬੰਬ ਦੀ ਸ਼ਕਲ ਵਿਚ - ਸੁਣਿਐ ਐਡੀ ਅਤੇ ਹੈਨਰੀ ਉਹ ਬੰਬ ਲਿਆਏ ਸਨ - ਹੁਣ ਤੇ ਉਨ੍ਹਾਂ ਨਾਲ ਬਹੁਤ ਸਾਰੇ ਸਾਥੀ ਰੱਲ ਗਏ ਹਨ।

ਐਨੀ : ਹਾਂ ਜੰਗ ਜ਼ਾਰੀ ਹੈ।

*(ਸਪਾਟ ਲਾਈਟ ਹੁਣ ਕਰਨਲ ਲਾਂਸਰ ਅਤੇ ਕੈਰਿਲ 'ਤੇ ਪੈਂਦੀ ਹੈ।)।*

ਕੈਰਿਲ : (ਗਿਲ੍ਹੇ ਦੇ ਰੋ ਵਿਚ) ਕਰਨਲ ਲਾਂਸਰ, ਮੈਨੂੰ ਤੁਹਾਡੇ ਕੋਲੋਂ ਅਜਿਹੇ ਵਿਹਾਰ ਦੀ ਉਮੀਦ ਨਹੀਂ ਸੀ... ਤੁਸੀਂ ਮੈਨੂੰ ਇਸ ਨਗਰ ਦਾ ਮੇਅਰ

ਬਣਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਤੁਸਾਂ ਕਿਹਾ ਮੇਰਾ ਕੰਮ ਮੁੱਕ ਚੁੱਕਾ ਤੇ ਹੁਣ ਮੇਰੀ ਕੀ ਲੋੜ ਰਹਿ ਗਈ ਏ – ਪਰ ਤੁਸੀਂ ਭੁੱਲ ਗਏ ਕਿ ਮੇਰੀ ਲੋੜ ਤਾਂ ਅਸਲ ਵਿਚ ਹੁਣ ਹੀ ਸੀ... ਤੁਸੀਂ ਭੁੱਲ ਗਏ ਕਿ ਮੈਂ ਤੁਹਾਡੇ ਆਉਣ ਤੋਂ ਪਹਿਲਾਂ ਦਾ ਇਥੇ ਰਹਿ ਰਿਹਾ ਹਾਂ... ਤੁਸੀਂ ਮੇਰੀ ਸਲਾਹ ਦੇ ਉਲਟ ਆਰਡਨ ਨੂੰ ਹੀ ਮੇਅਰ ਬਣਾਈ ਰੱਖਿਆ... ਤੇ ਉਸਦਾ ਨਤੀਜਾ ਵੇਖ ਰਹੇ ਹੋ। ਕੋਈ ਪਤਾ ਨਹੀਂ ਕਿਸੇ ਵੇਲੇ ਕੋਈ ਧਮਾਕਾ ਹੋ ਜਾਏ ਤੇ ਤੁਹਾਡੇ ਇਕ, ਦੋ ਜਾਂ ਬਹੁਤੇ ਸਿਪਾਹੀ ਮਾਰੇ ਜਾਣ - ਤੁਹਾਡਾ ਸਾਰੇ ਸੈਨਿਕਾਂ ਵਿਚ, ਅਫ਼ਸਰਾਂ ਸਮੇਤ, ਇਕ ਦਹਿਸ਼ਤ ਫੈਲ ਚੁੱਕੀ ਹੈ... ਉਹ ਹਰ ਇਕ ਆਹਟ ਨਾਲ ਤ੍ਰਭਕ ਤ੍ਰਭਕ ਜਾਂਦੇ ਹਨ - ਮੈਨੂੰ ਉਨ੍ਹਾਂ ਦੇ ਹੱਸਦੇ ਚਿਹਰੇ ਜਿਨ੍ਹਾਂ ਵਿਚੋਂ ਵਿਸ਼ਵਾਸ ਦੀ ਝਲਕ ਦਿਸਦੀ ਸੀ, ਜਦੋਂ ਉਹ ਨਗਰ ਵਿਚ ਜਿੱਤ ਦਾ ਬੈਂਡ ਵਜਾਉਂਦੇ ਦਾਖ਼ਲ ਹੋਏ ਸਨ ਤੇ ਹੁਣ ਉਨ੍ਹਾਂ ਦੇ ਡਰੇ–ਡਰੇ ਚਿਹਰੇ ... ਜਿਸ ਤਰ੍ਹਾਂ ਉਹ ਹਰਦਮ ਇਹੋ ਹੀ ਚਾਹ ਰਹੇ ਹੋਣ ਕਿ ਕਦੋਂ ਉਨ੍ਹਾਂ ਦੀ ਇਥੋਂ ਖਲਾਸੀ ਹੋਵਗੀ।

ਲਾਂਸਰ : ਪਰ ਜੇ ਆਰਡਨ ਇਸ ਪਦਵੀ ’ਤੇ ਨਾ ਰਹਿੰਦਾ ਤਾਂ ਸਾਨੂੰ ਇਸ ਨਾਲੋਂ ਕਿਤੇ ਵਧੇਰੇ ਬਿਪਤਾ ਪੈ ਜਾਣੀ ਸੀ।

ਕੈਰਿਲ : ਨਹੀਂ ਇਹ ਕੇਵਲ ਤੁਹਾਡੀ ਸੋਚਣੀ ਹੈ। ਇਹ ਭੁੱਖਾ ਜਿਤਨਾ ਉਤੋਂ ਭੋਲਾ ਹੈ, ਉਤਨਾ ਹੀ ਵਿਚੋਂ ਖਤਰਨਾਕ ਹੈ।

ਲਾਂਸਰ : ਇਹ ਤੁਸੀਂ ਕੀ ਕਹਿ ਰਹੇ ਹੋ ?

ਕੈਰਿਲ : ਜੋ ਕਹਿ ਰਿਹਾ ਹਾਂ, ਠੀਕ ਕਹਿ ਰਿਹਾ ਹਾਂ... ਤੁਸੀਂ ਭੁੱਲਦੇ ਹੋ ਕਰਨਲ ਕਿ ਮੇਰੇ ਆਪਣੇ ਵੀ ਕੁਝ ਸਾਧਨ ਹਨ (ਜੇਬ ਵਿਚੋਂ ਡਾਇਰੀ ਕੱਢਦਾ ਹੈ) ਕਿਉਂਕਿ ਮੈਂ ਤੁਹਾਡੇ ਕੋਲੋਂ ਬਹੁਤ ਪਹਿਲਾਂ ਦਾ ਇਥੇ ਰਹਿ ਰਿਹਾ ਹਾਂ... ਸੁਣੋ, ਤੁਹਾਨੂੰ ਦੱਸਾਂ ਇਥੇ ਜੋ ਕੁਝ ਵੀ ਹੋ ਰਿਹੈ, ਸਭ ਵਿਚ ਮੇਅਰ ਆਰਡਨ ਦਾ ਹੱਥ ਹੈ, ਜਿਸ ਰਾਤ ਲੈਫਟੀਨੈਂਟ ਟੈਂਡਰ ਮਾਰਿਆ ਗਿਆ, ਉਸ ਰਾਤ ਆਰਡਨ ਵੀ ਉਸ ਘਰ ਵਿਚ ਮੌਜੂਦ ਸੀ, ਤੇ ਉਸ ਕੁੜੀ ਮਾਲੀ ਨੂੰ ਪਹਾੜੀਆਂ ਵਿਚ ਓਟ ਵੀ ਮੇਅਰ ਦੇ ਆਦਮੀਆਂ ਨੇ ਦਿੱਤੀ ਸੀ ਤੇ ਉਸਨੂੰ ਨੱਸਣ ਵਿਚ ਵੀ ਮਦਦ ਦਿੱਤੀ ਸੀ। ਮੈਂ ਉਨ੍ਹਾਂ ਦਾ ਪਤਾ ਲਗਾ ਲਿਆ ਸੀ ਪਰ ਉਦੋਂ ਤੱਕ ਉਹ ਉਥੋਂ ਜਾ ਚੁੱਕੀ ਸੀ।

ਲਾਂਸਰ : (ਸੋਚ ਦੀ ਰੋ ਵਿਚ) ਹੁਣ ਤੁਸੀਂ ਕੀ ਸਲਾਹ ਦਿੰਦੇ ਹੋ ?

ਕੈਰਿਲ : ਆਰਡਨ ਨੂੰ ਫੌਰਨ ਯਰਮਾਲ ਵਜੋਂ ਹਿਰਾਸਤ ਵਿਚ ਲੈ ਲਿਆ ਜਾਵੇ ਅਤੇ ਉਸਦੀ ਸੁਰੱਖਿਆ ਦੇ ਦਾਰੋ ਮਦਾਰ ਇਸ ਗੱਲ ਉਤੇ ਹੋਵੇ ਕਿ

ਦੇਸ਼ ਵਿਚ ਅਮਨ ਤੇ ਸ਼ਾਂਤੀ ਭੰਗ ਨਾ ਹੋਵੇ। ਲੋਕਾਂ ਨੂੰ ਦੱਸ ਦਿੱਤਾ ਜਾਏ ਕਿ ਜੇ ਇਕ ਵੀ ਵਿਸਫੋਟ ਹੋਇਆ ਤਾਂ ਆਰਡਨ ਦਾ ਜੀਵਨ ਖਤਰੇ ਵਿਚ ਹੋਵੇਗਾ।

ਲਾਂਸਰ : ਤਾਂ ਤੁਸੀਂ ਵੀ ਮੰਨਦੇ ਹੋ ਕਿ ਮੇਅਰ ਦੀ ਲੋਕਾਂ ਵਿਚ ਇਤਨੀ ਸ਼ਾਖ ਹੈ - (ਮੁੜਕੇ) ਮੈਂ ਸੁਣਿਐ ਤੁਸੀਂ ਜ਼ਖ਼ਮੀਂ ਹੋ ਗਏ ਸਉ – ਕੀ ਹੋਇਆ ਸੀ ?

ਕੈਰਿਲ : ਜਿਸ ਰਾਤ ਲੈਫਟੀਨੈਂਟ ਟੈਂਡਰ ਨੂੰ ਹਲਾਕ ਕੀਤਾ ਗਿਆ ਸੀ, ਉਸ ਰਾਤ ਮੇਰੇ ਉਤੇ ਵੀ ਹਮਲਾ ਕੀਤਾ ਗਿਆ ਸੀ। ਗਸ਼ਤੀਦਸਤੇ ਨੇ ਮੇਰੀ ਜਾਣ ਬਚਾਈ ਸੀ। ਸ਼ਹਿਰ ਦੇ ਕੁਝ ਲੋਕ ਉਸ ਰਾਤ ਮੇਰੀ ਕਿਸ਼ਤੀ ਲੈ ਕੇ ਭੱਜ ਗਏ ਸਨ। ਖੈਰ ਮੇਰਾ ਜੋ ਹੋਇਆ ਸੋ ਹੋਇਆ... ਹਾਂ ਤੇ ਇਹ ਨੇ ਕਾਗਜ਼ (ਬੋਝੇ ਵਿਚੋਂ ਕਾਗਜ਼ ਕੱਢਦਾ ਹੈ) ਜੋ ਮੈਨੂੰ ਸਿੱਧੇ ਰਾਜਧਾਨੀ ਤੋਂ ਆਏ ਨੇ ਤੇ ਇਨ੍ਹਾਂ ਵਿਚ ਇਹ ਹਦਾਇਤਾਂ ਨੇ ਕਿ ਮੈਂ ਤੁਹਾਨੂੰ ਮਿਲਾਂ, ਸਾਰੀ ਸਲਾਹ ਦੇਵਾਂ ਤੇ ਨਾਲ ਹੀ ਇਹ ਰਿਪੋਰਟ ਦੱਸਾਂ ਕਿ ਮੇਰੀ ਸਲਾਹ ਮੰਨੀ ਗਈ ਹੈ ਜਾਂ ਨਹੀਂ ?... ਤੁਸੀਂ ਆਪ ਸਭ ਸਮਝਦੇ ਹੋ... ਇਥੋਂ ਦੇ ਹਾਲਾਤ ਬਾਰੇ ਸਭ ਖ਼ਬਰ ਪੁੱਜ ਚੁੱਕੀ ਹੈ। ਖਾਨਾਂ ਵਿਚ ਕੋਲੇ ਦੀ ਸਪਲਾਈ ਤਸੱਲੀਬਖਸ਼ ਨਹੀਂ ਤੇ ਇਹ ਫਿਕਰ ਵਾਲੀ ਗੱਲ ਹੈ।

*(ਲਾਂਸਰ ਕੁਝ ਸੋਚਦਾ ਹੈ ਤੇ ਸਾਰਜੰਟ ਨੂੰ ਬੁਲਾਉਂਦਾ ਹੈ।)*

ਲਾਂਸਰ : ਸਾਰਜੰਟ, ਮੈਂ ਮੇਅਰ ਆਰਡਨ ਤੇ ਡਾਕਟਰ ਵਿੰਟਰ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੰਦਾ ਹਾਂ। ਇਹ ਜ਼ੁਮੇਵਾਰੀ ਤੈਨੂੰ ਸੌਂਪੀ ਜਾਂਦੀ ਹੈ। ਮੇਅਰ ਆਰਡਨ ਨੂੰ ਬੰਦੀ ਬਣਾ ਲਿਆ ਜਾਏ ਤੇ ਡਾਕਟਰ ਵਿੰਟਰ ਨੂੰ ਤੁਰੰਤ ਮੇਰੇ ਅੱਗੇ ਪੇਸ਼ ਕੀਤਾ ਜਾਏ।

ਸਾਰਜੰਟ : ਜੋ ਹੁਕਮ ਜਨਾਬ (ਕੈਰਿਲ ਸ਼ੈਤਾਨੀ ਮੁਸਕਰਾਹਟ ਦਾ ਪ੍ਰਭਾਵ ਦਿੰਦਾ ਹੈ, ਜਦੋਂ ਫੇਡ ਆਊਟ ਹੁੰਦਾ ਹੈ।)

## ਆਖਰੀ ਕਾਂਡ

(ਰੋਸ਼ਨੀ ਹੋਣ 'ਤੇ ਮੇਅਰ ਆਪਣੇ ਕਮਰੇ ਵਿਚ ਘੁੰਮ ਰਿਹਾ ਹੈ। ਅੰਦਰਲੇ ਦਰਵਾਜ਼ੇ ਵੱਲ ਇਕ ਸੰਤਰੀ ਖੜਾ ਹੈ। ਬਾਹਰ ਵਾਲੇ ਦਰਵਾਜ਼ੇ 'ਤੇ ਵੀ ਸੰਤਰੀ ਖੜਾ ਹੈ। ਪ੍ਰਭਾਵ ਇਹ ਹੈ ਕਿ ਮੇਅਰ ਨਜ਼ਰਬੰਦ ਹੈ। ਡਾਕਟਰ ਵਿੰਟਰ ਦਾਖ਼ਲ ਹੁੰਦਾ ਹੈ। ਜਾਂ ਉਸਨੂੰ ਦਾਖ਼ਲ ਕੀਤਾ ਗਿਆ ਹੈ - ਡਾਕਟਰ ਵਿੰਟਰ ਪਿਛੇ ਵੱਲ ਵੇਖਦਾ ਹੈ ਤੇ ਮੇਅਰ ਵੱਲ ਵਧਦਾ ਹੈ।)

ਮੇਅਰ : ਡਾਕਟਰ ਵਿੰਟਰ ਤੁਸੀਂ ? ਤੁਸੀਂ ਕਿਸ ਤਰ੍ਹਾਂ ਆਏ, ਇਨ੍ਹਾਂ ਤਾਂ ਇਥੇ ਪੂਰਾ ਪਹਿਰਾ ਲਾ ਰੱਖਿਆ ਹੈ।

ਵਿੰਟਰ : ਮੇਰਾ ਖਿਆਲ ਹੈ ਕਿ ਮੈਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ - ਹਾਂ ਜਿਸ ਤਰ੍ਹਾਂ ਇਕ ਸਿਪਾਹੀ ਮੈਨੂੰ ਗੁਸਤਾਖੀ ਨਾਲ ਬਾਹੋਂ ਖਿੱਚ ਕੇ ਲਿਆਇਆ ਹੈ, ਉਸ ਤੋਂ ਇਹੀ ਲਗਦਾ ਹੈ।

ਮੇਅਰ : ਇਹ ਤਾ ਮੈਨੂੰ ਪਹਿਲਾਂ ਹੀ ਦਿਸ ਰਿਹਾ ਸੀ, ਕੀ ਪਤਾ ਹੁਣ ਇਹ ਕਿਹੜਾ ਢੰਗ ਅਪਣਾਉਣਗੇ। ਉਂਝ ਇਨ੍ਹਾਂ ਸੰਤਰੀਆਂ ਦੇ ਪਹਿਰੇ ਥੱਲੇ ਕਹਿੰਦੇ ਨੇ ਮੈਂ ਹਾਲੇ ਮੇਅਰ ਹਾਂ... ਮੈਂ ਜੇ ਚਾਹੁੰਦਾ ਵੀ ਤਾਂ ਵੀ ਤੇਰੀ ਗ੍ਰਿਫ਼ਤਾਰੀ ਨਹੀਂ ਸੀ ਰੋਕ ਸਕਦਾ... ਤੈਨੂੰ ਤਾਂ ਪਤਾ ਹੀ ਹੈ।

ਵਿੰਟਰ : ਹਾਂ ਮੈਨੂੰ ਪਤਾ ਹੈ... ਪਰ ਇਨ੍ਹਾਂ ਲੋਕਾਂ ਨੂੰ ਨਹੀਂ ਪਤਾ। ਇਹ ਨਹੀਂ ਜਾਣਦੇ, ਸ਼ਾਇਦ ਜਾਣ ਸਕਦੇ ਵੀ ਨਹੀਂ... ਇਹ ਸਮੇਂ ਦੇ ਪਾਬੰਦ ਲੋਕ, ਪਾਬੰਦ ਕਿ ਗੁਲਾਮ ? ਕੌਣ ਕਹਿ ਸਕਦੈ - ਇਨ੍ਹਾਂ ਨੂੰ ਨਹੀਂ ਪਤਾ ਕਿ ਇਨ੍ਹਾਂ ਦਾ ਸਮਾਂ ਮੁੱਕ ਚੱਲਿਐ - ਇਨ੍ਹਾਂ ਨੂੰ ਭਰਮ ਹੈ ਕਿ ਜੇ ਉਹ ਕਿਸੇ ਕੰਮ ਦੇ ਆਗੂਆਂ ਨੂੰ ਬੰਦੀ ਬਣਾ ਲੈਣਗੇ ਜਾਂ ਉਨ੍ਹਾਂ ਨੂੰ ਖਤਮ ਕਰ ਦੇਣਗੇ ਤਾਂ ਉਹ ਕੌਮ ਦਬ ਜਾਏਗੀ... ਇਨ੍ਹਾਂ ਨੂੰ ਇਹ ਨਹੀਂ ਪਤਾ ਕਿ ਅਸੀਂ ਆਜ਼ਾਦ ਲੋਕ ਹਾਂ... ਮੁਕਤ ਆਤਮਾ ਲੋਕ। ਸਾਡਾ ਤਾਂ ਹਰ ਵਿਅਕਤੀ ਇਕ ਆਗੂ ਹੈ। ਸੰਕਟ ਵੇਲੇ ਸਾਡੀ ਕੌਮ ਵਿਚ ਆਗੂ ਇਵੇਂ ਉਭਰਦੇ ਹਨ ਜਿਵੇਂ ਧਰਤੀ ਵਿਚੋਂ ਖੁੰਬਾਂ ਆਪ ਮੁਹਾਰੇ ਉਗ ਪੈਂਦੀਆਂ ਹਨ।

ਮੇਅਰ : ਮੈਨੂੰ ਪਤਾ... ਮੈਨੂੰ ਪਤੈ ਤਾਂ ਵੀ ਇਹ ਸਭ ਕੁਝ ਤੇਰੇ ਮੂੰਹੋਂ ਸੁਣਨਾ ਮੈਨੂੰ ਬੜਾ ਚੰਗਾ ਲੱਗਿਆ... ਸਾਡੀ ਕੌਮ ਹੈ ਤਾਂ ਛੋਟੀ ਜਿਹੀ ਪਰ ਇਸਨੇ ਅਨਿਆਂ ਦੇ ਸਾਹਮਣੇ ਝੁਕਣਾ ਨਹੀਂ ਸਿੱਖਿਆ। ਤੇਰੇ ਆਉਣ ਤੋਂ ਪਹਿਲਾਂ ਮੈਨੂੰ ਸਕੂਲ ਦੇ ਦਿਨਾਂ ਦੀ ਯਾਦ ਆ ਰਹੀ ਸੀ। ਬਸ ਐਵੇਂ ਹੀ, ਤੈਨੂੰ ਯਾਦ ਹਨ ਨਾ ਸਕੂਲ ਦੇ ਦਿਨ ? ਉਹ ਸੁਕਰਾਤ ਦੀ ਖਿਮਾ ਜਾਚਣ ਵਾਲਾ ਸਬਕ ?

ਵਿੰਟਰ : ਯਾਦ ਕਿਉਂ ਨਹੀਂ... ਮੈਨੂੰ ਤਾਂ ਤੁਹਾਡਾ ਉਹ ਵੀ ਦ੍ਰਿਸ਼ ਯਾਦ ਹੈ ਜਦੋਂ ਸਕੂਲ ਦੇ ਵਿਦਾਇਗੀ ਜਲਸੇ ਵਿਚ ਤੁਹਾਨੂੰ ਇਨ੍ਹਾਂ ਚਾਅ ਚੜ੍ਹਿਆ ਹੋਇਆ ਸੀ ਕਿ ਤੁਸੀਂ ਆਪਣੀ ਕਮੀਜ਼ ਦੇ ਪਿਛਲੇ ਪਾਸੇ ਨੂੰ ਪਤਲੂਨ ਦੇ ਅੰਦਰ ਕਰਨਾ ਭੁੱਲ ਗਏ ਸੀ, ਤੁਸੀਂ ਤਕਰੀਰ ਕੀਤਾ ਸੀ, ਵਾਰ-ਵਾਰ ਸੁਕਰਾਤ ਦਾ ਜ਼ਿਕਰ ਕੀਤਾ ਸੀ।

ਮੇਅਰ : ਹਾਂ ਮੈਂ ਸੁਕਰਾਤ ਦੇ ਲਫਜ਼ ਹੀ ਦੁਹਰਾਏ ਸਨ, ਜੇ ਕੋਈ ਪੁੱਛੇ, ਸੁਕਰਾਤ ਕਿ ਕੀ ਤੂੰ ਅਜਿਹੇ ਜੀਵਨ ਉਤੇ ਸ਼ਰਮਿੰਦਾ ਨਹੀਂ ਹੈ, ਜਿਸ

ਨੇ ਤੈਨੂੰ ਅਨਿਆਈ ਮੌਤ ਵੱਲ ਧੱਕ ਦਿੱਤਾ ਹੈ ਤਾਂ ਮੈਂ ਉਸ ਨੂੰ ਬੜੀ ਸ਼ਿਦਤ ਦਿਲੀ ਨਾਲ ਉਤਰ ਦੇਵਾਂਗਾ, "ਨਹੀਂ, ਬਿਲਕੁਲ ਨਹੀਂ, ਜੇ ਤੁਸੀਂ ਸੋਚਦੇ ਹੋ ਤਾਂ ਤੁਹਾਡੀ ਭੁੱਲ ਹੈ।" - ਜੋ ਲੋਕ ਜੀਵਨ ਵਿਚ ਕੁਝ ਕਰ ਸਕਣ ਦੇ ਸਮਰਥ ਹੁੰਦੇ ਹਨ ਉਹ ਜੀਣ ਜਾਂ ਮਰਨ ਤੋਂ ਬੇਨਿਆਜ਼ ਹੁੰਦੇ ਹਨ।

*(ਮੇਅਰ ਇਸ ਮੁਦਰਾ ਵਿਚ ਖਲੋਤਾ ਹੈ, ਜਦੋਂ ਕਰਨਲ ਲਾਂਸਰ ਆਉਂਦਾ ਹੈ, ਉਹ ਤਾੜੀ ਮਾਰਦਾ ਹੈ, ਉਹਨੇ ਉਹਦੇ ਆਖਰੀ ਸ਼ਬਦ ਸੁਣ ਲਏ ਹਨ।)*

ਕਰਨਲ : ਖੂਬ, ਯੂਅਰ ਐਕਸੀਲੈਂਸੀ - ਤੁਸੀਂ ਤਾਂ ਸੁਕਰਾਤ ਨੂੰ ਸ਼ਾਖਸਾਤ ਸਾਡੇ ਸਾਹਮਣੇ ਲਿਆ ਖੜਾ ਕੀਤਾ ਹੈ।

ਆਰਡਨ : ਹਾਂ ਹੁਣ ਤੁਸੀਂ ਦੱਸੋ ਕਿ ਸਮੇਂ ਦਾ ਹਾਕਮਾਂ ਦਾ ਕੀ ਹੁਕਮ ਹੈ - ਸੁਕਰਾਤ ਕੋਲ ਤਾਂ ਬੜਾ ਕੁਝ ਕਹਿਣ ਵਾਲਾ ਸੀ ਤੇ ਉਹ ਕਹਿੰਦਾ ਵੀ ਰਹੇਗਾ।

ਕਰਨਲ : ਨਹੀਂ, ਮੈਂ ਕੋਈ ਹੁਕਮ ਦੇਣ ਨਹੀਂ ਆਇਆ। ਸੁਕਰਾਤ ਦੇ ਬੋਲ ਸੁਣ ਕੇ ਮੈਨੂੰ ਖੁਸ਼ੀ ਹੋਵੇਗੀ।

ਆਰਡਨ : (ਪਿਛੋਂ ਕਮੀਜ਼ ਨੂੰ ਪਤਲੂਨ 'ਚੋਂ ਕੱਢਦਾ ਹੈ ਤੇ ਫੇਰ ਬੋਲਦਾ ਹੈ) ਮੈਨੂੰ ਤੁਸੀਂ ਇਸ ਲਈ ਕਤਲ ਕਰ ਰਹੇ ਹੋ ਕਿਉਂਕਿ ਤੁਸੀਂ ਨਹੀਂ ਚਾਹੁੰਦੇ ਕਿ ਕੋਈ ਤੁਹਾਨੂੰ ਤੁਹਾਡੇ ਦੋਸ਼ਾਂ ਤੋਂ ਜਾਣੂੰ ਕਰਵਾਏ – ਕਿ ਤੁਹਾਨੂੰ ਕੀਤੇ ਅਪਰਾਧਾਂ ਦਾ ਫਲ ਨਾ ਭੁਗਤਨਾ ਪਵੇ। (ਡਾਢੇ ਘਬਰਾਏ ਹੋਏ ਰੌ ਵਿਚ ਲਾਫਟ ਦਾਖ਼ਲ ਹੁੰਦਾ ਹੈ।)

ਲਾਫਟ : ਕਰਨਲ ਲਾਂਸਰ...

*(ਕਰਨਲ ਉਹਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੈ। ਬੁੱਲ੍ਹਾਂ 'ਤੇ ਉਂਗਲ ਰੱਖ ਕੇ)।*

ਆਰਡਨ : (ਜਾਰੀ ਰੱਖਦੇ ਹੋਏ) ਪਰ ਤੁਹਾਡਾ ਉਦੇਸ਼ ਕਦੀ ਵੀ ਪੂਰਾ ਨਹੀਂ ਹੋਵੇਗਾ। ਮੈਂ ਤੁਹਾਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਤੁਹਾਡੇ ਅਪਰਾਧਾਂ ਦਾ ਭਾਂਡਾ ਫੋੜਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੁੰਦਾ ਜਾਏਗਾ... ਕੱਲ੍ਹ ਨੂੰ ਉਹ ਲੋਕ ਵੀ ਉਠਣਗੇ ਜਿਨ੍ਹਾਂ ਦੇ ਜੋਸ਼ ਨੂੰ ਮੈਂ ਥੰਮ੍ਹਿਆਂ ਹੋਇਆ ਹੈ ਅਤੇ ਜੋ ਉਹ ਹਾਲੀ ਜਵਾਨ ਹਨ, ਉਹ ਤੁਹਾਡਾ ਲਿਹਾਜ਼ ਨਹੀਂ ਕਰਨਗੇ।

ਲਾਫਟ : ਕਰਨਲ ਲਾਂਸਰ, ਅਸੀਂ ਕੁਝ ਲੋਕ ਫੜੇ ਹਨ, ਜਿਨ੍ਹਾਂ ਕੋਲੋਂ ਵੱਡੀ ਮਾਤਰਾ ਵਿਚ ਵਿਸਫੋਟਕ ਮਸਾਲਾ ਮਿਲਿਆ ਹੈ।

ਕਰਨਲ : ਹੱਸ਼.....

ਆਰਡਨ : (ਜਾਰੀ ਰੱਖਦੇ ਹੋਏ) ਜੇ ਤੁਸੀਂ ਸਮਝਦੇ ਹੋ ਕਿ ਤੁਸੀਂ ਲੋਕਾਂ ਨੂੰ ਕਤਲ ਕਰਕੇ ਆਪਣੇ ਗੁਨਾਹਾਂ ਨੂੰ ਛੁਪਾਉਣ ਵਿਚ ਸਫ਼ਲ ਹੋ ਜਾਵੋਗੇ ਤਾਂ ਇਹ ਤੁਹਾਡਾ ਭਰਮ ਹੈ। ਤੁਹਾਡੇ ਇਹ ਪਾਪ ਤੁਹਾਡੇ ਸਰਵਨਾਸ਼ ਦਾ ਕਾਰਨ ਬਣਨਗੇ (ਚੁੱਪ)।

ਕਰਨਲ : (ਥੋੜਾ ਰੀਲੈਕਸ ਕਰਕੇ) ਹਾਂ ਤਾਂ ਕੈਪਟਨ ਤੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ?

ਲਾਫਟ : ਜੀ ਹਾਂ...

ਕਰਨਲ : ਉਨ੍ਹਾਂ ਨੂੰ ਕੜੀ ਨਿਗਰਾਨੀ ਵਿਚ ਰੱਖੋ...

ਲਾਫਟ : ਜੀ ਜਨਾਬ... (ਸਲੂਟ ਮਾਰ ਕੇ ਜਾਂਦਾ ਹੈ।)

ਕਰਨਲ : (ਥੋੜਾ ਗੁੱਸੇ ਵਿਚ) ਜਨਾਬ ਮੇਅਰ ਸਾਹਿਬ, ਇਹ ਵਿਸਫੋਟ ਦੀਆਂ ਕਾਰਵਾਈਆਂ ਫੋਰਨ ਬੰਦ ਹੋ ਜਾਣੀਆਂ ਚਾਹੀਦੀਆਂ ਨੇ...

ਆਰਡਨ : ਜਨਾਬ ਇਹ ਕਾਰਵਾਈਆਂ ਨਹੀਂ ਰੁੱਕ ਸਕਦੀਆਂ...

ਕਰਨਲ : ਮੈਂ ਤੁਹਾਨੂੰ ਜ਼ਮਾਨਤ ਵਜੋਂ ਗ੍ਰਿਫ਼ਤਾਰ ਕੀਤਾ ਹੈ ਤਾਂ ਜੋ ਲੋਕ ਗਲਤ ਵਿਚਾਰ ਨਾ ਕਰਨ। ਇਹ ਮੇਰਾ ਹੁਕਮ ਹੈ।

ਆਰਡਨ : ਪਰ ਇਸ ਨਾਲ ਕੁਝ ਨਹੀਂ ਹੋਵੇਗਾ। ਤੁਸੀਂ ਇਹ ਕਿਉਂ ਨਹੀਂ ਸਮਝਦੇ ਕਿ ਇਨ੍ਹਾਂ ਦੀ ਸਹਿਣ ਸ਼ਕਤੀ ਖਤਮ ਹੋ ਗਈ ਤੇ ਇਨ੍ਹਾਂ ਦਾ ਗੁੱਸਾ ਇਤਨਾ ਬਲਵਾਨ ਹੋ ਗਿਆ ਹੈ ਕਿ ਜੇ ਮੈਂ ਵੀ ਉਨ੍ਹਾਂ ਦੇ ਰਾਹ ਵਿਚ ਰੁਕਾਵਟ ਬਣਿਆ ਤਾਂ ਉਹ ਮੈਨੂੰ ਵੀ ਮਧੋਲ ਕੇ ਅੱਗੇ ਲੰਘ ਜਾਣਗੇ।

ਲਾਂਸਰ : ਜੇ ਇਨ੍ਹਾਂ ਲੋਕਾਂ ਨੂੰ ਪਤਾ ਹੋਵੇ ਕਿ ਉਨ੍ਹਾਂ ਨੇ ਇਕ ਵੀ ਵਿਸਫੋਟ ਕੀਤਾ ਤਾਂ ਤੁਹਾਡੀ ਜ਼ਿੰਦਗੀ ਖਤਮ ਕਰ ਦਿੱਤੀ ਜਾਵੇਗੀ ਤਾਂ ਉਹ ਕੀ ਕਰਨਗੇ ?

ਆਰਡਨ : ਮੇਰਾ ਖਿਆਲ ਹੈ ਕਿ ਉਹ ਵਿਸਫੋਟ ਫੇਰ ਵੀ ਕਰਨਗੇ।

ਲਾਂਸਰ : ਫਰਜ਼ ਕਰੋ ਤੁਸੀਂ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਵਰਜ ਦਿੰਦੇ ਹੋ ਤਾਂ ?

ਆਰਡਨ : ਦੇਖੋ ਕਰਨਲ, ਉਹ ਨਹੀਂ ਵਰਜੇ ਜਾਣਗੇ – ਉਹ ਵਿਸਫੋਟ ਕਰਨ ਹੀ ਕਰਨਗੇ ਅਤੇ ਜੇ ਮੈਂ ਉਨ੍ਹਾਂ ਨੂੰ ਵਰਜਾਂਗਾ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਹੋਵੇਗਾ, ਇਸ ਲਈ... ਇਸ ਲਈ ਮੈਂ ਉਨ੍ਹਾਂ ਨੂੰ ਨਹੀਂ ਵਰਜਾਂਗਾ।

ਲਾਂਸਰ : ਇਸਦਾ ਮਤਲਬ ਹੈ ਕਿ ਤੁਸੀਂ ਮੌਤ ਨੂੰ ਕਬੂਲ ਕਰ ਲਿਆ ਹੈ।

ਆਰਡਨ : ਹਾਂ... ਮੈਂ ਸਮਝਦਾ ਹਾਂ ਕਿ ਜ਼ਿੰਦਗੀ ਜਾਂ ਮੌਤ ਉਤੇ ਮੈਨੂੰ ਕੋਈ ਅਧਿਕਾਰ ਨਹੀਂ ਪਰ ਘੱਟੋ-ਘੱਟ ਮੈਨੂੰ ਇਹ ਢੰਗ ਚੁਣਨ ਦਾ ਤਾਂ ਅਧਿਕਾਰ ਹੈ ਨਾ ਕਿ ਕਿਵੇਂ ਜੀਵਾਂ ਤੇ ਕਿਵੇਂ ਮਰਾਂ... ਜੇ ਮੈਂ ਲੋਕਾਂ ਨੂੰ ਵਰਜਣ ਦਾ ਯਤਨ ਕੀਤਾ ਤਾਂ ਉਨ੍ਹਾਂ ਇਸ ਗੱਲ ਦਾ ਦੁੱਖ

ਹੋਵੇਗਾ, ਉਹ ਮੇਰੇ ਆਖੇ ਵੀ ਨਹੀਂ ਲੱਗਣਗੇ – ਪਰ ਮੈਂ ਉਨ੍ਹਾਂ ਨੂੰ ਕੁਝ ਬਲਵਾਨ ਬਣਾਉਣ ਵਿਚ ਸਹਾਈ ਵੀ ਸਕਾਂਗਾ...ਵੇਖੋ ਨਾ, ਮੇਰੇ ਲਈ ਹੁਣ ਕੁਝ ਵੀ ਕਰਨਾ ਕਠਿਨ ਨਹੀਂ...ਕਿਉਂਕਿ ਮੇਰਾ ਅੰਤ ਤਾਂ ਹਰ ਹਾਲਤ ਵਿਚ ਇਕੋ ਹੀ ਹੈ... ਮੇਰੇ ਆਖਰੀ ਸ਼ਬਦ ਉਹੀ ਹੋਣਗੇ ਜੋ ਸੁਕਰਾਤ ਦੇ ਸਨ - ਮੈਨੂੰ ਮੌਤ ਦਾ ਦੰਡ ਸੁਣਾਉਣ ਵਾਲੇ ਹਾਕਮੋ, ਮੈਂ ਇਕ ਭਵਿੱਖ ਬਾਣੀ ਕਰਨ ਲੱਗਾ ਹਾਂ...ਹਾਂ ਡਾਕਟਰ ਵਿੰਟਰ ਮੈਨੂੰ ਇਕ ਗੱਲ ਯਾਦ ਆਈ, ਮੈਂ ਐਸਲੀਮਅਸ ਤੋਂ ਇਕ ਮੁਰਗਾ ਉਧਾਰ ਲਿਆ ਸੀ, ਕਿਸੀ ਤਰ੍ਹਾਂ ਇਹ ਕਰਜ਼ਾ ਚੁਕਾ ਦੇਣਾ।

ਆਰਡਨ : ਹਾਂ, ਮੈਂ ਇਕ ਭਵਿੱਖਬਾਣੀ ਕਰਨ ਲੱਗਾ ਹਾਂ... ਮੇਰੀ ਜ਼ਿੰਦਗੀ ਦੇ ਅੰਤਿਮ ਛਿਣ ਹਨ ਤੇ ਅੰਤ ਵੇਲੇ ਮਨੁੱਖ ਨੂੰ ਭਵਿੱਖ ਬਾਣੀ ਕਰ ਸਕਣ ਦੀ ਦੈਵੀ ਸ਼ਕਤੀ ਪ੍ਰਾਪਤ ਹੋ ਜਾਂਦੀ ਹੈ। ਮੈਂ ਭਵਿੱਖਬਾਣੀ ਕਰਦਾ ਹਾਂ ਕਿ ਤੁਸੀਂ ਲੋਕ ਜੋ ਮੇਰੇ ਕਾਤਲ ਹੋ, ਮੇਰੀ ਮੌਤ ਤੋਂ ਝੱਟ ਪਿਛੋਂ... ਝੱਟ ਪਿਛੋਂ ਖਤਮ ਹੋ ਜਾਵੋਗੇ।

*(ਬਿਲਕੁਲ ਸੰਨ੍ਹਾਟਾ, ਵਕਫਾ।)*

ਡਾਕਟਰ : ਆਰਡਨ ਫਿਕਰ ਨਾ ਕਰ, ਤੇਰਾ ਕਰਜ਼ਾ ਚੁਕਾ ਦਿੱਤਾ ਜਾਏਗਾ।